# ਓਪਨ ਐਂਡ ਡਿਸਟੈਂਸ ਲਰਨਿੰਗ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਕਲਾਸ : ਬੀ.ਐਡ. ਭਾਗ ਦੂਜਾ** **ਸਮੈਸਟਰ ਚੌਥਾ**

**ਯੂਨਿਟ : 1**

**ਮੀਡੀਅਮ : ਪੰਜਾਬੀ**

**ਪਾਠ ਨੰ.**

1.1. ਸਮਾਜੀਕਰਣ ਅਤੇ ਸ਼ਖ਼ਸੀਅਤ ਦਾ ਵਿਕਾਸ: ਪਰਿਵਾਰ ਅਤੇ ਭਾਈਚਾਰਾ

1.2. ਵਿਅਕਤਿੱਤਵ ਬਨਾਉਣ ਵਿਚ ਸਕੂਲ, ਸਾਥੀਆਂ, ਮੀਡੀਆ ਅਤੇ ਤਕਨਾਲੋਜੀ ਦਾ ਪ੍ਰਭਾਵ

1.3. ਵਿਅਕਤੀ ਅਤੇ ਪਛਾਣ ਦਾ ਉਥਾਨ: ਵਿਅਕਤੀ ਅਤੇ ਪਛਾਣ ਦੇ ਨਿਰਮਾਣ ਦਾ ਸਕੰਲਪ, ਲੋੜ ਅਤੇ ਨਿਰਧਾਰਕ

1.4. ਵਿਸ਼ਵੀਕਰਨ ਦਾ ਪਛਾਣ – ਨਿਰਮਾਣ ਉੱਤੇ ਪ੍ਰਭਾਵ

**Department website : www.pbidde.org**

**ਪਾਠ ਨੰ: 1.1** **ਲੇਖਿਕਾ: ਇਸ਼ਟਦੀਪ ਕੌਰ**

## ਸਮਾਜੀਕਰਣ ਅਤੇ ਸੁਖ਼ਸੀਅਤ ਦਾ ਵਿਕਾਸ: ਪਰਿਵਾਰ ਅਤੇ ਭਾਈਚਾਰਾ

**ਪਾਠ ਦੀ ਬਣਤਰ**

**1.1 ਉਦੇਸ਼**
**1.2 ਸਮਾਜੀਕਰਣ**
**1.3 ਸ਼ਖ਼ਸੀਅਤ ਦਾ ਵਿਕਾਸ**
**1.4 ਸਮਾਜੀਕਰਣ ਦੇ ਸਿਧਾਂਤ**
**1.5 ਸਮਾਜੀਕਰਣ ਦੇ ਵਿਭਿੰਨ ਰੂਪ**
**1.6 ਸਵੈ-ਸਮਾਜੀਕਰਣ**
**1.7 ਪਰਿਵਾਰ**
**1.8 ਭਾਈਚਾਰਾ**
**1.9 ਤਜਵੀਜ਼ਤ ਪ੍ਰਸ਼ਨ**
**1.10 ਤਜਵੀਜ਼ਤ ਪਾਠ ਸਮੱਗਰੀ**

**1.1 ਉਦੇਸ਼ :-** ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ ਇਸ ਕਾਬਿਲ ਹੋ ਜਾਵੋਗੇ ਕਿ :

1. ਸਮਾਜੀਕਰਣ ਨੂੰ ਪਰਿਭਾਸ਼ਿਤ ਕਰ ਸਕੋਗੇ।
2. ਸਵੈ-ਸਮਾਜੀਕਰਣ ਦੇ ਅਰਥਾਂ ਨੂੰ ਸਮਝ ਸਕੋਗੇ।
3. ਸਮਾਜੀਕਰਣ ਦੇ ਸਿਧਾਂਤਾਂ ਦੀ ਵਿਆਖਿਆ ਕਰ ਸਕੋਗੇ।
4. ਸਮਾਜੀਕਰਣ ਦੇ ਵਿਭਿੰਨ ਰੂਪਾਂ ਨੂੰ ਦਰਸਾ ਸਕੋਗੇ।
5. "ਪਰਿਵਾਰ" ਨੂੰ ਸਮਾਜੀਕਰਣ ਦਾ ਇੱਕ ਜ਼ਰੀਆ ਦਰਸਾ ਸਕੋਗੇ।
6. ਇਹ ਵੀ ਦਰਸਾ ਸਕੋਗੇ ਕਿ ਬੱਚਿਆਂ ਦੇ ਵਿਵਹਾਰ ਉੱਤੇ ਭਾਈਚਾਰੇ ਦਾ ਕੀ ਪ੍ਰਭਾਵ ਪੈਂਦਾ ਹੈ।

**1.2 ਸਮਾਜੀਕਰਣ :-** ਇਨਸਾਨ ਕਿਸੇ ਵੀ ਸਭਿਆਚਾਰ ਜਾਂ ਸੰਸਕ੍ਰਿਤੀ ਨੂੰ ਨਾਲ ਨਹੀਂ ਲੈ ਕੇ ਆਉਂਦਾ, ਉਸ ਤੋਂ ਬਿਨਾਂ ਪੈਦਾ ਹੁੰਦਾ ਹੈ। ਉਸਨੂੰ ਉਸਦੇ ਮਾਪਿਆਂ, ਅਧਿਆਪਕਾਂ ਅਤੇ ਹੋਰਾਂ ਦੁਆਰਾ, ਇੱਕ ਨਿਪੁੰਨ ਤੇ ਕੁਸ਼ਲ, ਸਭਿਆਚਾਰਕ ਤੇ ਸਮਾਜਿਕ ਜੀਵ ਬਣਾਇਆ ਜਾਂਦਾ ਹੈ। ਇਸ ਸਾਰੀ ਸਭਿਆਚਾਰਕ ਪ੍ਰਕ੍ਰਿਆ ਨੂੰ ਹੀ ਸਮਾਜੀਕਰਣ ਕਿਹਾ ਜਾਂਦਾ ਹੈ। ਇਸ ਪ੍ਰਕ੍ਰਿਆ ਦੌਰਾਨ ਅਸੀਂ ਜਿਸ ਸਭਿਆਚਾਰ ਵਿੱਚ ਪੈਦਾ ਹੁੰਦੇ ਅਤੇ ਵੱਡੇ ਹੁੰਦੇ ਹਾਂ, ਉਸਦੀ ਭਾਸ਼ਾ ਵੀ ਗ੍ਰਹਿਣ ਕਰਦੇ ਹਾਂ। ਲੜਕੀਆਂ ਸਹਿਜੇ ਹੀ ਸਿੱਖ ਜਾਂਦੀਆਂ ਹਨ ਕਿ ਉਨ੍ਹਾਂ ਨੇ ਕਿਵੇਂ ਧੀਆਂ, ਭੈਣਾਂ, ਸਹੇਲੀਆਂ, ਪਤਨੀਆਂ ਅਤੇ ਮਾਂਵਾਂ ਦਾ ਰੋਲ ਅਦਾ ਕਰਨਾ ਹੈ। ਸਮਾਜੀਕਰਣ ਦੀ ਪ੍ਰਕ੍ਰਿਆ ਦੁਆਰਾ, ਉਹ ਘਰੇਲੂ ਵਿਵਸਾਇਕ ਕੰਮ-ਧੰਦੇ ਵੀ ਸਿੱਖ ਜਾਂਦੀਆਂ ਹਨ। ਮਾਪਦੰਡ, ਇੱਕ ਪਰਵਾਨਿਤ ਵਿਵਹਾਰ ਹੁੰਦਾ ਹੈ, ਜਿਸਨੂੰ ਸਮਾਜ ਦੇ ਵਧੇਰੇ ਲੋਕ ਮੰਨਦੇ ਹਨ। ਸ਼ਖ਼ਸੀਅਤ ਉਭਾਰਨ ਵਿੱਚ ਸਮਾਜੀਕਰਣ ਦਾ ਅਹਿਮ ਰੋਲ ਹੁੰਦਾ ਹੈ। ਨਿਰਸੰਦੇਹ, ਵਿਅਕਤੀ ਦੇ ਜੀਨਜ਼ ਜਾਂ ਜੀਵਾਣੂ ਵੀ ਮਹੱਤਵਪੂਰਨ ਰੋਲ ਅਦਾ ਕਰਦੇ ਹਨ ਲੇਕਿਨ ਸਮਾਜੀਕਰਣ ਦੀ ਪ੍ਰਕ੍ਰਿਆ ਵਿਅਕਤੀ ਦੇ ਵਿਸ਼ਵਾਸ, ਵਤੀਰੇ ਅਤੇ ਤਜਰਬਿਆਂ ਦੇ ਆਧਾਰ ਤੇ ਉਸਦੀ ਸ਼ਖ਼ਸੀਅਤ ਨੂੰ ਕਿਸੇ ਵਿਸ਼ੇਸ਼ ਦਿਸ਼ਾ ਵੱਲ ਮੋੜ ਸਕਦੀ ਹੈ।

**1.3 ਨਿੱਜ ਜਾਂ ਸ਼ਖ਼ਸੀਅਤ ਦਾ ਵਿਕਾਸ :-** ਕਲਪਨਾ ਕਰੋ ਕਿ ਤੁਹਾਡੇ ਘਰ ਦੇ ਸਾਹਮਣੇ ਖਾਲੀ ਜਗ੍ਹਾ ਪਈ ਹੈ। ਕਿਸੇ ਦਿਨ ਤੁਸੀਂ ਦੇਖਦੇ ਹੋ ਕਿ ਮਜ਼ਦੂਰਾਂ ਨੇ ਉੱਥੇ ਈਮਾਰਤੀ ਸਮੱਗਰੀ ਮਸਲਨ : ਇੱਟਾਂ, ਰੇਤਾ,

ਮਾਰਬਲ-ਪੱਥਰ ਅਤੇ ਸੀਮਿੰਟ ਦੇ ਥੈਲੇ ਆਦਿ ਦਾ ਢੇਰ ਲਗਾ ਦਿੱਤਾ ਹੈ। ਕੁਝ ਸਮੇਂ ਬਾਅਦ, ਉਹੀ ਸਾਰੀ ਈਮਾਰਤੀ ਸਮੱਗਰੀ, ਇੱਕ ਵੱਡੇ ਮਕਾਨ ਦਾ ਰੂਪ ਲੈ ਲੈਂਦੀ ਹੈ ਅਤੇ ਉਸ ਖਾਲੀ ਪਲਾਟ ਵਿੱਚ ਇੱਕ ਸੁੰਦਰ ਮਕਾਨ ਬਣ ਜਾਂਦਾ ਹੈ। ਦਰਵਾਜ਼ੇ ਲੱਗ ਜਾਂਦੇ ਹਨ, ਬਿਜਲੀ ਦੀ ਫਿਟਿੰਗ ਹੋ ਜਾਂਦੀ ਹੈ ਅਤੇ ਲੱਕੜੀ ਦਾ ਕੰਮ ਹੋ ਜਾਂਦਾ ਹੈ। ਹੁਣ ਉਹ ਖਾਲੀ ਜਗ੍ਹਾ ਕਮਰਿਆਂ ਦਾ ਰੂਪ ਲੈ ਲੈਂਦੀ ਹੈ, ਜਿਸ ਵਿੱਚ ਸੌਣ ਦਾ ਕਮਰਾ, ਬੈਠਣ ਦਾ ਕਮਰਾ, ਖਾਣਾ ਖਾਣ ਦਾ ਕਮਰਾ ਆਦਿ ਵੱਖ-ਵੱਖ ਕਮਰੇ ਬਣ ਜਾਂਦੇ ਹਨ। ਉਹੀ ਖਾਲੀ ਪਲਾਟ ਹੁਣ ਅਰਥ-ਭਰਪੂਰ ਹੋ ਜਾਂਦਾ ਹੈ। ਇੱਕ ਸਾਧਾਰਣ ਈਮਾਰਤ, ਹੁਣ ਸਮੂਹ ਦਾ ਰੂਪ ਧਾਰ ਲੈਂਦੀ ਹੈ।

ਇਹ ਮਿਸਾਲ ਇਸ ਕਰਕੇ ਦਿੱਤੀ ਗਈ ਹੈ ਤਾਂ ਕਿ ਪਤਾ ਚੱਲ ਸਕੇ ਕਿ ਕਿਵੇਂ ਸਵੈ-ਸੰਕਲਪ, ਬਚਪਨ ਤੋਂ ਪ੍ਰੌੜ ਅਵਸਥਾ ਵਿੱਚ ਵਿਕਸਿਤ ਹੁੰਦੇ ਹਨ। ਇਹ ਬਹੁਤ ਜ਼ਰੂਰੀ ਹੈ ਕਿ ਸਵੈ-ਸੰਕਲਪ (ਸਵੈ ਗਿਆਨ) ਨੂੰ ਜਾਣਿਆ ਜਾਵੇ। ਸਵੈ-ਗਿਆਨ, ਦੂਜੇ ਗਿਆਨਾਂ ਵਰਗਾ ਹੀ ਇੱਕ ਗਿਆਨ ਹੈ। ਇਸ ਲਈ ਸਵੈ-ਗਿਆਨ, ਬੱਚੇ ਦੇ ਗਿਆਨ ਨੂੰ ਵਿਕਸਿਤ ਹੋਣ ਦੇ ਪੱਧਰ ਤੱਕ ਸੀਮਿਤ ਕੀਤਾ ਜਾਂਦਾ ਹੈ।

ਇਸ ਤੋਂ ਇਲਾਵਾ, ਇਹ ਵੀ ਹੈ ਕਿ ਸਵੈ-ਸੰਕਲਪ ਬਹੁ-ਪਸਾਰੀ ਹੁੰਦਾ ਹੈ। ਇਹ ਇੱਕ ਵੱਡੇ ਮਕਾਨ ਦੀ ਤਰ੍ਹਾਂ ਹੁੰਦਾ ਹੈ, ਜਿਸ ਵਿੱਚ ਬਹੁਤ ਸਾਰੇ ਕਮਰੇ ਹੋਣ । ਇਹ ਕਿਸੇ ਮਕਾਨ ਦੀ ਮੁੱਢਲੀ ਉਸਾਰੀ ਤੋਂ ਮਗਰੋਂ, ਉਸ ਵਿੱਚ ਬਣੇ ਕਮਰਿਆਂ ਦੀ ਤਰ੍ਹਾਂ ਹੁੰਦਾ ਹੈ। ਇਸ ਵਿਆਖਿਆ ਅਨੁਸਾਰ, ਸਵੈ-ਸੰਕਲਪ (ਪ੍ਰਬੰਧ) ਗਤੀਸ਼ੀਲ ਹੁੰਦਾ ਹੈ ਅਤੇ ਵਿਕਾਸ ਦੌਰਾਨ ਸਦਾ ਤਬਦੀਲ ਹੁੰਦਾ ਰਹਿੰਦਾ ਹੈ। ਬੱਚੇ ਦੀ ਸਵੈ-ਧਾਰਣਾ, ਬਚਪਨ ਵਿੱਚ ਸਾਧਾਰਣ ਬਣਤਰ ਵਾਲੀ ਹੁੰਦੀ ਹੈ, ਜਦੋਂ ਕਿ ਬਾਲਗ ਅਵਸਥਾ ਵਿੱਚ ਇਹ ਕਾਫੀ ਸੰਗਠਿਤ ਹੋ ਜਾਂਦੀ ਹੈ। ਇਹ ਪ੍ਰਕ੍ਰਿਆ ਦੀਆਂ ਸਟੇਜਾਂ ਅਨੁਸਾਰ ਤਬਦੀਲ ਹੁੰਦੀ ਰਹਿੰਦੀ ਹੈ। ਸਵੈ-ਗਿਆਨ ਵਿੱਚ ਕੁਝ ਵਿਕਾਸ ਤਾਂ ਕਿਸ਼ੋਰ-ਅਵਸਥਾ ਦੌਰਾਨ ਹੁੰਦਾ ਹੈ ਅਤੇ ਕੁਝ ਵਿਕਾਸ, ਬੱਚੇ ਦੇ ਪਰਪੱਕ ਹੋਣ ਦੌਰਾਨ ਹੁੰਦਾ ਹੈ (ਬਾਲਗ ਅਵਸਥਾ ਦੌਰਾਨ)। ਜਿਵੇਂ-ਜਿਵੇਂ ਬੱਚੇ ਵੱਡੇ ਹੁੰਦੇ ਜਾਂਦੇ ਹਨ, ਉਨ੍ਹਾਂ ਵਿੱਚ ਸਵੈ-ਗਿਆਨ ਆਪਣੇ-ਆਪ ਵਿਕਸਿਤ ਹੁੰਦਾ ਰਹਿੰਦਾ ਹੈ।

**1.4 <u>ਸਮਾਜੀਕਰਣ ਦੇ ਸਿਧਾਂਤ</u>:–** "ਸਮਾਜੀਕਰਣ" ਸ਼ਬਦ ਨੂੰ ਸਮਾਜ-ਵਿਗਿਆਨੀਆਂ, ਸਿੱਖਿਆ-ਮਨੋ-ਵਿਗਿਆਨੀਆਂ ਅਤੇ ਵਿਗਿਆਨੀਆਂ ਦੁਆਰਾ ਇਸਤੇਮਾਲ ਕੀਤਾ ਜਾਂਦਾ ਹੈ। ਜਿਸ ਸਮਾਜ ਵਿੱਚ ਵੀ ਕੋਈ ਇਨਸਾਨ ਵਿਚਰਦਾ ਹੈ, ਉਥੋਂ ਦੀ ਜੀਵਨ ਪ੍ਰਕ੍ਰਿਆ ਲਈ ਜਿਹੜੇ ਪ੍ਰਤਿਮਾਨ, ਰੀਤੀ-ਰਿਵਾਜ਼, ਨਿਯਮ, ਕਾਨੂੰਨ ਅਤੇ ਸਿਧਾਂਤ ਲੋੜੀਂਦੇ ਹੁੰਦੇ ਹਨ, ਉਸਨੂੰ ਹੀ ਸਮਾਜੀਕਰਣ ਕਿਹਾ ਜਾਂਦਾ ਹੈ। ਸਮਾਜੀਕਰਣ ਇੱਕ ਸਾਧਨ ਜਾਂ ਜ਼ਰੀਆ ਹੈ, ਜਿਸ ਰਾਹੀਂ ਮਨੁੱਖ ਸਮਾਜ ਦੁਆਰਾ ਨਿਰਧਾਰਿਤ ਕੀਤੇ ਗਏ ਕਰਤੱਵ ਅਤੇ ਰੋਲ ਅਦਾ ਕਰਨ ਲਈ ਲੋੜੀਂਦੇ ਹੁਨਰ ਅਤੇ ਕਾਬਲੀਅਤ ਨੂੰ ਗ੍ਰਹਿਣ ਕਰਦਾ ਹੈ। ਮਨੁੱਖ ਨੂੰ ਆਪਣੇ ਸਭਿਆਚਾਰ ਅਤੇ ਸਭਿੱਅਤਾ ਨੂੰ ਸਮਝਣ ਲਈ ਸਮਾਜਿਕ ਗਿਆਨ ਦੀ ਲੋੜ ਹੁੰਦੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਭਿਆਚਾਰ ਵਿੱਚ ਪਰਿਵਰਨਸ਼ੀਲਤਾ ਹੁੰਦੀ ਰਹਿੰਦੀ ਹੈ ਅਤੇ ਇਹ ਪਰਿਵਰਤਨਸ਼ੀਲਤਾ ਵੱਖ-ਵੱਖ ਸਮਾਜਿਕ ਸਮੂਹਾਂ ਵੱਲੋਂ ਕੀਤੇ ਜਾਂਦੇ ਕਾਰਜਾਂ, ਰਿਵਾਜਾਂ ਅਤੇ ਵਿਵਹਾਰਾਂ ਵਿੱਚੋਂ ਦ੍ਰਿਸ਼ਟੀਗੋਚਰ ਹੁੰਦੀ ਹੈ। ਮਨੁੱਖ ਵਿੱਚ ਸਭਿਆਚਾਰ ਦੀ ਰੰਗਤ ਸਿਰਫ ਤਦ ਹੀ ਦੇਖੀ ਜਾ ਸਕਦੀ ਹੈ, ਜੇਕਰ ਉਸ ਦਾ ਆਪਣੇ ਮਾਪਿਆਂ, ਰਿਸ਼ਤੇਦਾਰਾਂ ਅਤੇ ਸਮਾਜਿਕ ਨੈੱਟਵਰਕ ਦੁਆਰਾ ਸਮਾਜੀਕਰਣ ਹੋਇਆ ਹੋਵੇ।

1. "ਸ਼ੀਸ਼ੇ ਵਿੱਚ ਖੁਦ ਨੂੰ ਦੇਖਣਾ", ਇੱਕ ਸਮਾਜਿਕ-ਮਨੋਵਿਗਿਆਨਕ ਸੰਕਲਪ ਹੈ, ਜਿਸਦੀ ਸ਼ੁਰੂਆਤ 1902 ਵਿੱਚ ਚਾਰਲਸ ਹੋਰਟਨ ਕੂਲੇ ਨੇ ਕੀਤੀ ਸੀ। ਉਸਨੇ ਆਖਿਆ ਸੀ ਕਿ ਵਿਅਕਤੀ ਦਾ ਨਿੱਜ, ਸਮਾਜ ਦੇ ਪ੍ਰਸਪਰ ਪ੍ਰਭਾਵਾਂ ਅਤੇ ਦੂਜਿਆਂ ਦੇ ਅਨੁਭਵ ਤੋਂ ਬਣਦਾ ਹੈ, ਜਿਸ ਦੇ ਫਲਸਰੂਪ ਵਿਅਕਤੀ ਦੂਜਿਆਂ ਦੇ ਅਨੁਭਵ ਅਤੇ ਗਿਆਨ ਨੂੰ ਆਪਣੇ ਤੇ ਹੰਢਾ ਕੇ ਪੱਕਿਆਂ ਕਰਦਾ ਹੈ। ਦੂਜਿਆਂ ਦੇ ਤਜਰਬਿਆਂ ਅਤੇ ਰਾਵਾਂ ਦੀ ਪੁਸ਼ਟੀ ਕਰਦਾ ਹੈ।
2. ਜੌਰਜ ਹਰਬਰਟ ਮੀਡ ਨੇ 'ਸਮਾਜਿਕ ਵਿਵਹਾਰਵਾਦ' ਦਾ ਇੱਕ ਸਿਧਾਂਤ ਵਿਕਸਿਤ ਕੀਤਾ, ਤਾਂਕਿ ਦਰਸਾਇਆ ਜਾ ਸਕੇ ਕਿ ਸਮਾਜਿਕ ਤਜਰਬੇ ਦੀ ਕੇਂਦਰੀ ਧਾਰਣਾ ਵਿਅਕਤੀ ਦਾ ਨਿੱਜ ਹੁੰਦਾ ਹੈ। ਮਨੁੱਖ ਦੀ

ਸ਼ਖ਼ਸੀਅਤ ਦਾ ਕੁਝ ਹਿੱਸਾ, ਸਵੈ-ਗਿਆਨ ਅਤੇ ਸਵੈ-ਕਲਪਨਾ ਤੇ ਆਧਾਰਿਤ ਹੁੰਦਾ ਹੈ। ਮੀਡ ਅਨੁਸਾਰ ਜਨਮ ਸਮੇਂ ਨਿੱਜ ਮੌਜੂਦ ਨਹੀਂ ਹੁੰਦਾ, ਇਹ ਸਮਾਜਿਕ ਤਜਰਬਿਆਂ ਨਾਲ ਵਿਕਸਿਤ ਹੁੰਦਾ ਹੈ।

3. ਸਿਗਮੰਡ ਫਰਾਇਡ, ਆਸਟਰੀਆ ਦਾ ਇੱਕ ਤੰਤੂ-ਵਿਗਿਆਨੀ ਹੋਇਆ ਹੈ, ਜਿਸਨੇ ਲੱਭਿਆ ਹੈ ਕਿ ਮਨੁੱਖੀ ਮਨ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ। ਕਾਮਨਾ-ਅੰਸ਼, ਹਉਮੈ ਅਤੇ ਪਰਮ-ਹਉਮੈ। ਮਨ ਅੰਦਰ ਕਾਮਨਾ-ਅੰਸ਼ ਪੂਰੀ ਤਰ੍ਹਾਂ ਅਚੇਤ, ਮਨੋਵੇਗੀ ਅਤੇ ਬੱਚਿਆਂ ਵਰਗਾ ਚੰਚਲ ਸੁਭਾਅ ਦਾ ਹੁੰਦਾ ਹੈ। ਇਹ ਹਿੱਸਾ, "ਮਨਮੌਜ ਦੇ ਸਿਧਾਂਤ" ਅਨੁਸਾਰ ਕਾਰਜ ਕਰਦਾ ਹੈ ਅਤੇ ਇਹ ਮੁੱਖ ਤਰੰਗਾਂ ਤੇ ਮਨੋਵੇਗਾਂ ਦਾ ਆਧਾਰ ਹੁੰਦਾ ਹੈ। ਇਹ ਤੁਰੰਤ ਆਨੰਦ ਤੇ ਮੌਜ ਲੋਚਦਾ ਹੈ। ਹਉਮੈ, ਯਥਾਰਥ ਦੇ ਸਿਧਾਂਤ ਅਨੁਸਾਰ ਕਾਰਜ ਕਰਦੀ ਹੈ। ਪਰਮ-ਹਉਮੈ, ਸੰਪੂਰਨਤਾ ਉੱਤੇ ਹੀ ਕੇਂਦ੍ਰਿਤ ਰਹਿੰਦੀ ਹੈ।

## 1.5 ਸਮਾਜੀਕਰਣ ਦੇ ਵਿਭਿੰਨ ਰੂਪ :

1. **ਸਮੂਹਿਕ ਸਮਾਜੀਕਰਣ:** ਉਹ ਸਿਧਾਂਤ ਹੈ, ਜਿਸ ਵਿੱਚ ਵਿਅਕਤੀ ਉੱਤੇ ਆਪਣੇ ਸਮੂਹ ਦਾ ਪ੍ਰਭਾਵ ਪੈਂਦਾ ਹੈ ਅਤੇ ਉਸਦੀ ਸ਼ਖ਼ਸੀਅਤ ਅਤੇ ਵਿਵਹਾਰ ਨੂੰ ਪ੍ਰਭਾਵਿਤ ਕਰਦਾ ਹੈ, ਕਿਉਂਕਿ ਨੌਜਵਾਨ ਵਧੇਰੇ ਸਮਾਂ ਆਪਣੇ ਦੋਸਤਾਂ-ਮਿੱਤਰਾਂ ਨਾਲ ਗੁਜ਼ਾਰਦੇ ਹਨ ਅਤੇ ਮਾਪਿਆਂ ਨਾਲ ਘੱਟ। ਮਿਸਾਲ ਦੇ ਤੌਰ ਤੇ ਜੁੜਵਾਂ ਭਰਾ, ਉਤਪੱਤੀ-ਵਿਗਿਆਨ ਦੀ ਦ੍ਰਿਸ਼ਟੀ ਤੋਂ ਇੱਕੋ ਜਿਹੇ ਲੱਗਦੇ ਹਨ, ਲੇਕਿਨ ਉਨ੍ਹਾਂ ਦੀ ਸ਼ਖ਼ਸੀਅਤ ਅੱਡੋ-ਅੱਡ ਹੋਵੇਗੀ, ਕਿਉਂਕਿ ਉਨ੍ਹਾਂ ਦੇ ਦੋਸਤਾਂ ਦਾ ਦਾਇਰਾ ਅਲੱਗ-ਅਲੱਗ ਹੋਵੇਗਾ।
2. **ਲਿੰਗ-ਭੇਦ ਸਮਾਜੀਕਰਣ:** ਇਹ ਉਹ ਸਿਧਾਂਤ ਹੈ, ਜਿਸ ਵਿੱਚ ਵਿਅਕਤੀ ਆਪਣੇ ਲਿੰਗ-ਭੇਦ ਤੋਂ ਪ੍ਰਭਾਵਿਤ ਹੁੰਦਾ ਹੈ। ਲਿੰਗ-ਭੇਦ ਸਮਾਜੀਕਰਣ ਵਿੱਚ ਕਿਸੇ ਇੱਕ ਸੈਕਸ ਦੇ ਅਨੁਸਾਰ ਉੱਚਿਤ ਵਿਵਹਾਰ, ਰਵੱਈਆ ਅਤੇ ਹਾਵ-ਭਾਵ ਸਿੱਖੇ ਜਾਂਦੇ ਹਨ। ਲੜਕੇ, ਲੜਕਿਆਂ ਦਾ ਅਨੁਸਰਣ ਕਰਦੇ ਹਨ ਅਤੇ ਲੜਕੀਆਂ, ਲੜਕੀਆਂ ਦਾ ਅਨੁਸਰਣ ਕਰਦੀਆਂ ਹਨ, ਕਿਉਂਕਿ ਲੜਕੇ, ਲੜਕਿਆਂ ਵਰਗੇ ਬਣਨਾ ਚਾਹੁੰਦੇ ਹਨ ਅਤੇ ਲੜਕੀਆਂ, ਲੜਕੀਆਂ ਵਰਗੀਆਂ ਬਣਨਾ ਚਾਹੁੰਦੀਆਂ ਹਨ। ਇਸ ਲਿੰਗ-ਭੇਦ ਸਮਾਜੀਕਰਣ ਵਿੱਚ ਹਰ ਕੋਈ ਆਪਣੇ ਪਰਿਵਾਰ, ਦੋਸਤ, ਸਕੂਲ, ਕੰਮ-ਕਾਜ ਅਤੇ ਜਨਤਕ ਮਾਧਿਅਮਾਂ ਨੂੰ ਪਸੰਦ ਕਰਦਾ ਹੈ।
3. **ਸਭਿਆਚਾਰਕ ਸਮਾਜੀਕਰਣ:** ਇੱਕ ਅਜਿਹਾ ਸਿਧਾਂਤ ਹੈ, ਜਿਹੜਾ ਬੱਚਿਆਂ ਨੂੰ ਮਾਪਿਆਂ ਤੋਂ ਪ੍ਰਭਾਵਿਤ ਕਰਦਾ ਹੈ। ਮਾਪਿਆਂ ਦਾ ਮੁੱਖ ਉਦੇਸ਼ ਹੁੰਦਾ ਹੈ ਕਿ ਉਹ ਬੱਚਿਆਂ ਨੂੰ ਆਪਣੇ ਵਿਰਸੇ ਅਤੇ ਨਸਲ ਦੇ ਇਤਿਹਾਸ ਬਾਰੇ ਜਾਣਕਾਰੀ ਦੇਣ। ਇਸਨੂੰ "ਗੌਰਵਸ਼ਾਲੀ ਵਿਕਾਸ" ਵੀ ਆਖਿਆ ਜਾਂਦਾ ਹੈ। ਮਾਪੇ, ਬੱਚਿਆਂ ਨੂੰ ਇਸ ਪ੍ਰਕਾਰ ਤਿਆਰ ਕਰਦੇ ਹਨ ਕਿ ਭੇਦਭਾਵ ਅਤੇ ਵਿਤਕਰੇ ਨਾਲ ਕਿਵੇਂ ਨਜਿੱਠਣਾ ਹੈ। ਮਾਪੇ ਇਹ ਸਿਖਲਾਈ ਵੀ ਦਿੰਦੇ ਹਨ ਕਿ ਸਾਰੇ ਲੋਕਾਂ ਨੂੰ ਬਰਾਬਰ ਸਮਝਣਾ ਹੈ ਅਤੇ ਉਨ੍ਹਾਂ ਨਾਲ ਇੱਕੋ ਜਿਹਾ ਵਿਵਹਾਰ ਕਰਨਾ ਹੈ।

**1.6 ਸਵੈ-ਸਮਾਜੀਕਰਣ :** ਆਮਤੌਰ ਤੇ ਅਸੀਂ ਸਵੈ-ਸਮਾਜੀ ਬਚਪਨ ਵਿੱਚ ਹੀ ਬਣ ਜਾਂਦੇ ਹਾਂ। ਉਦਾਹਰਣ ਦੇ ਤੌਰ ਤੇ, ਹਰੇਕ ਲੜਕੀ ਆਪਣੀ ਮਾਂ ਦਾ ਅਨੁਸਰਣ ਅਤੇ ਰੀਸ ਕਰਦੀ ਹੈ। ਲੜਕੀਆਂ ਹਮੇਸ਼ਾ ਗੁੱਡੀਆਂ-ਪਟੋਲਿਆਂ ਨਾਲ ਹੀ ਖੇਡਦੀਆਂ ਹਨ ਅਤੇ ਘਰ ਦੇ ਕੰਮਾਂ ਵਿੱਚ ਹੱਥ ਵੰਡਾਂਦੀਆਂ ਹਨ। ਲੜਕੇ ਹਮੇਸ਼ਾ ਕਾਰਾਂ, ਟਰੱਕਾਂ, ਰੇਲ ਗੱਡੀਆਂ ਜਾਂ ਇਲੈਕਟਰਿਕ ਖਿਡੌਣਿਆਂ ਨਾਲ ਹੀ ਖੇਡਦੇ ਹਨ। ਸਵੈ-ਸਮਾਜੀਕਰਣ, ਕਿਸ਼ੋਰ ਅਵਸਥਾ ਵਿੱਚ ਵਧੇਰੇ ਅਹਿਮੀਅਤ ਰੱਖਦਾ ਹੈ। ਸਵੈ-ਸਮਾਜੀਕਰਣ ਨੂੰ ਪ੍ਰਭਾਵਿਤ ਕਰਨ ਵਾਲੇ ਕਈ ਪਹਿਲੂ ਹੁੰਦੇ ਹਨ:

- ਪਰਿਵਾਰ
- ਸਾਥੀ
- ਸਕੂਲ
- ਭਾਈਚਾਰਾ

- ਕਾਨੂੰਨੀ ਪ੍ਰਬੰਧ
- ਮੀਡੀਆ
- ਵਿਸ਼ਵੀਕਰਣ

**1.7 ਪਰਿਵਾਰ :** ਪਰਿਵਾਰ, ਸਮਾਜੀਕਰਣ ਦਾ ਮੁੱਖ ਸ੍ਰੋਤ ਹੈ। ਪਿਤਾ, ਮਾਤਾ, ਭਰਾ, ਭੈਣ, ਦਾਦੀ, ਦਾਦਾ ਅਤੇ ਪਰਿਵਾਰ ਦੇ ਹੋਰ ਮੈਂਬਰ, ਬੱਚੇ ਨੂੰ ਉਸ ਦੀਆਂ ਲੋੜਾਂ ਅਨੁਸਾਰ ਸਿੱਖਿਆ ਪ੍ਰਦਾਨ ਕਰਦੇ ਹਨ। ਮਿਸਾਲ ਦੇ ਤੋਰ ਤੇ, ਮਾਂ ਬਚਪਨ ਤੋਂ ਹੀ ਬੱਚੇ ਨੂੰ ਕੱਪੜੇ ਕਿਵੇਂ ਪਾਈਦੇ ਹਨ, ਕੰਪਿਊਟਰ ਕਿਵੇਂ ਵਰਤੀਦਾ ਹੈ, ਹੱਥ ਕਿਵੇਂ ਧੋਣੇ ਹਨ, ਬੁਰਸ਼ ਨਾਲ ਦੰਦ ਕਿਵੇਂ ਸਾਫ ਕਰਨੇ ਹਨ, ਸਬਜ਼ੀਆਂ ਕਿਵੇਂ ਖਾਣੀਆਂ ਹਨ, ਪੁਸਤਕਾਂ ਕਿਵੇਂ ਪੜ੍ਹਨੀਆਂ ਹਨ, ਆਦਿ ਸਿਖਾਂਦੀ ਹੈ। ਪਰਿਵਾਰ ਬੱਚੇ ਨੂੰ ਸਿਖਾਂਦਾ ਹੈ ਕਿ ਉਸਨੇ ਦੂਜਿਆਂ ਨਾਲ ਕਿਵੇਂ ਮਿਲ ਕੇ ਰਹਿਣਾ ਹੈ, ਦੁਨੀਆਂ ਵਿੱਚ ਕਿਵੇਂ ਵਿਚਰਨਾ ਹੈ, ਕਿਸੇ ਵਿਸ਼ੇਸ਼ ਮੌਕੇ ਤੇ ਕਿਵੇਂ ਕਾਰਜ ਕਰਨਾ ਹੈ ਅਤੇ ਕਿਵੇਂ ਦੇ ਹਾਵ–ਭਾਵ ਪ੍ਰਗਟ ਕਰਨੇ ਹਨ ਆਦਿ। ਮਾਪੇ ਆਪਣੇ ਤਜ਼ਰਬੇ, ਬੱਚਿਆਂ ਨਾਲ ਸਾਂਝੇ ਕਰਦੇ ਹਨ। ਸਮਾਜੀਕਰਣ ਵਿੱਚ ਸਿੱਖਿਆ ਅਤੇ ਸਿਖਲਾਈ ਨਿਰੰਤਰ ਚਲਦੀ ਰਹਿੰਦੀ ਹੈ। ਇਸ ਵਿੱਚ ਪਰਿਵਾਰ ਦਾ ਬਹੁਤ ਅਹਿਮ ਰੋਲ ਹੁੰਦਾ ਹੈ। ਜਦੋਂ ਪਰਿਵਾਰ ਵਿੱਚ ਬੱਚਾ ਪਲਦਾ ਅਤੇ ਵੱਡਾ ਹੁੰਦਾ ਹੈ, ਤਾਂ ਉਸ ਸਮੇਂ ਬਹੁਤ ਸਾਰੇ ਸਮਾਜਿਕ ਪਹਿਲੂ ਕਾਰਜਸ਼ੀਲ ਹੁੰਦੇ ਹਨ, ਜਿਸਦਾ ਅਸਰ ਨਿਰਸੰਦੇਹ ਬੱਚੇ ਤੇ ਪੈਂਦਾ ਹੈ। ਮਿਸਾਲ ਦੇ ਤੌਰ ਤੇ ਸੱਠ ਸਾਲ ਪਹਿਲਾਂ ਇੱਕ ਪਿਤਾ, ਬੱਚੇ ਦੁਆਰਾ ਸ਼ਰਾਰਤ ਕਰਨ ਤੇ ਉਸਨੂੰ ਲੱਕੜੀ ਦੇ ਫੁੱਟੇ ਨਾਲ ਮਾਰ ਸਕਦਾ ਸੀ ਪਰ ਅੱਜ ਜਦੋਂ ਉਹ ਅਜਿਹਾ ਕਰਦਾ ਹੈ ਤਾਂ ਇਸਨੂੰ ਪਿਤਾ ਵੱਲੋਂ ਬਦਸਲੂਕੀ ਜਾਂ ਭੈੜਾ ਵਤੀਰਾ ਮੰਨਿਆ ਜਾਂਦਾ ਹੈ। ਇਸ ਕਰਕੇ ਵਿਅਕਤੀ ਦਾ ਵਿਵਹਾਰ, ਸਮੇਂ ਅਨੁਸਾਰ ਹੀ ਸਹੀ ਠਹਿਰਾਇਆ ਜਾਂਦਾ ਹੈ ਕਿ ਉਹ ਕਿਹੜੇ ਸਮਿਆਂ ਵਿੱਚ ਰਹਿ ਰਿਹਾ ਹੈ। ਇਹ ਇੱਕ ਪਹਿਲੂ ਹੈ। ਸਮਾਜੀਕਰਣ ਵਿੱਚ ਬਹੁਤ ਸਾਰੇ ਹੋਰ ਪੱਖ ਵੀ ਹਨ, ਜਿਵੇਂ ਕਿ ਨਸਲ, ਸਮਾਜਿਕ ਸ਼੍ਰੇਣੀ, ਧਰਮ, ਆਰਥਿਕ ਪੱਧਰ, ਅਹੁਦਾ ਜਾਂ ਰੁਤਬਾ ਆਦਿ ਜੋ ਕਿ ਆਪਣਾ ਅਹਿਮ ਰੋਲ ਅਦਾ ਕਰਦੇ ਹਨ। ਜਿਵੇਂ ਵਪਾਰਕ ਸ਼੍ਰੇਣੀ ਦੇ ਪਰਿਵਾਰ, ਆਪਣੇ ਬੱਚਿਆਂ ਦੀ ਪਰਵਰਿਸ਼ ਸਮੇਂ ਉਨ੍ਹਾਂ ਨੂੰ ਚੁਸਤ–ਫੁਰਤ, ਹੁਸ਼ਿਆਰ, ਬੋਲਣ ਦੇ ਮਾਹਿਰ, ਮਿਲਣਸਾਰ ਆਦਿ ਬਣਾਂਦੇ ਹਨ। ਦੂਜੇ ਪਾਸੇ ਗਰੀਬ ਪਰਿਵਾਰ ਆਮਤੌਰ ਤੇ ਬੱਚਿਆਂ ਨੂੰ ਆਗਿਆਕਾਰ, ਸੱਚ ਬੋਲਣ ਵਾਲੇ ਅਤੇ ਇਮਾਨਦਾਰ ਬਣਾਂਦੇ ਹਨ, ਜਦੋਂ ਕਿ ਅਮੀਰ ਪਰਿਵਾਰ, ਸਿਰਜਣਾਤਮਕਤਾ, ਤਾਰਕਿਕਤਾ ਅਤੇ ਵੱਧ ਤੋਂ ਵੱਧ ਨਵੀਂ ਤਕਨਾਲੋਜੀ ਦਾ ਗਿਆਨ ਬੱਚਿਆਂ ਨੂੰ ਮੁੱਹਈਆ ਕਰਵਾਂਦੇ ਹਨ। ਹਰ ਕਿਸਮ ਦੇ ਮਾਪਿਆਂ ਕੋਲ ਆਪਣੇ–ਆਪਣੇ ਤਜਰਬੇ ਹੁੰਦੇ ਹਨ, ਇਸ ਕਰਕੇ ਉਹ ਆਪਣੇ–ਆਪਣੇ ਹਿਸਾਬ ਨਾਲ ਬੱਚਿਆਂ ਨੂੰ ਸਿੱਖਿਆ ਦਿੰਦੇ ਹਨ, ਤਾਂ ਕਿ ਉਹ ਉਨ੍ਹਾਂ ਦੇ ਤਜਰਬਿਆਂ ਤੋਂ ਕੁਝ ਸਿੱਖ ਸਕਣ। ਅਸਲ ਵਿੱਚ ਇਹੀ ਸ਼੍ਰੇਣੀ–ਪ੍ਰਬੰਧ ਹੁੰਦਾ ਹੈ, ਜਿਸਦੇ ਰਾਹੀਂ ਬੱਚਿਆਂ ਦਾ ਕਾਰਗਰ ਢੰਗ ਨਾਲ ਸਮਾਜੀਕਰਣ ਹੋ ਸਕਦਾ ਹੈ, ਤਾਂ ਕਿ ਬੱਚੇ ਵੀ ਉਹੀ ਕਾਰਜ ਕਰ ਸਕਣ, ਜਿਹੜਾ ਕਿ ਉਹ ਕਰਦੇ ਰਹੇ ਹਨ। ਇਸੇ ਪ੍ਰਕਾਰ ਬੱਚੇ ਲਿੰਗ–ਭੇਦ ਰਾਹੀਂ, ਨਸਲ ਦੇ ਅਨੁਭਵ ਰਾਹੀਂ, ਧਰਮ ਰਾਹੀਂ ਅਤੇ ਸ਼੍ਰੇਣੀ ਦੇ ਵਿਵਹਾਰ ਰਾਹੀਂ ਬੜਾ ਕੁਝ ਸਿੱਖਦੇ ਹਨ।

**1.8 ਭਾਈਚਾਰਾ :** ਭਾਈਚਾਰਾ ਲੋਕਾਂ ਦਾ ਇੱਕ ਸਮੂਹ ਹੁੰਦਾ ਹੈ, ਜਿਹੜਾ ਇੱਕੋ ਸਥਾਨ ਤੇ ਸਾਂਝੇ ਨਿਯਮਾਂ ਅਧੀਨ ਰਹਿੰਦਾ ਹੈ, ਜਿਸ ਵਿੱਚ ਭਾਈਚਾਰਕ–ਸਾਂਝ ਹੁੰਦੀ ਹੇ ਅਤੇ ਭਾਈਚਾਰੇ ਪ੍ਰਤੀ ਆਪਣੀ ਜ਼ਿੰਮੇਵਾਰੀ ਹੁੰਦੀ ਹੈ। ਭਾਈਚਾਰਾ ਪੰਜ ਪ੍ਰਕਾਰ ਦੇ ਕਾਰਜ ਕਰਦਾ ਹੈ :–

**ੳ. ਉਤਪਾਦਨ–ਵੰਡ – ਖਪਤ**
**ਅ. ਸਮਾਜਿਕ ਨਿਯੰਤਰਨ**
**ੲ. ਸਮਾਜੀਕਰਣ**
**ਸ. ਆਪਸੀ ਸਹਿਯੋਗ**
**ਹ. ਸਮਾਜਿਕ ਸ਼ਮੂਲੀਅਤ**

ਇਸ ਪ੍ਰਕਾਰ ਸਮਾਜੀਕਰਣ, ਭਾਈਚਾਰੇ ਦਾ ਇੱਕ ਕਾਰਜ ਜਾਂ ਕ੍ਰਿਆ ਹੈ। ਭਾਈਚਾਰਾ ਇੱਕ ਸਮਾਜਿਕ ਏਜੰਟ ਹੈ, ਕਿਉਂਕਿ ਇਸ ਵਿੱਚ ਰਹਿਕੇ ਹੀ ਬੱਚੇ, ਵੱਡਿਆਂ ਤੋਂ ਆਸ-ਉਮੀਦ ਰੱਖਦੇ ਅਤੇ ਸਿੱਖਦੇ ਹਨ। ਬੱਚਿਆਂ ਦੇ ਵਿਵਹਾਰ ਨੂੰ ਭਾਈਚਾਰੇ ਦੇ ਕਈ ਪਹਿਲੂ ਪ੍ਰਭਾਵਿਤ ਕਰਦੇ ਹਨ, ਉਦਾਹਰਣ ਦੇ ਲਈ ਸਰੀਰਕ ਪੱਖ, ਆਰਥਿਕ ਪੱਖ, ਸਮਾਜਿਕ ਪੱਖ, ਨਿੱਜੀ ਪੱਖ ਆਦਿ। ਸਭ ਤੋਂ ਪਹਿਲਾਂ, ਅਸੀਂ ਸਰੀਰਕ ਪੱਖ ਦੀ ਗੱਲ ਕਰਾਂਗੇ। ਇਸ ਪੱਖ ਤੋਂ ਜੋ ਗੱਲਾਂ ਬੱਚਿਆਂ ਦੇ ਵਿਵਹਾਰ ਉੱਤੇ ਅਸਰ ਕਰਦੀਆਂ ਹਨ, ਉਹ ਹਨ ਉਸ ਇਲਾਕੇ ਦੀ ਆਬਾਦੀ, ਸ਼ੋਰ ਪ੍ਰਦੂਸ਼ਣ, ਮਕਾਨਾਂ ਦੀ ਕਿਸਮ ਤੇ ਤਰਤੀਬ ਅਤੇ ਖੇਡਣ ਲਈ ਮੈਦਾਨ ਆਦਿ। ਦੂਜਾ ਪੱਖ ਹੈ ਆਰਥਿਕ, ਇਸ ਵਿੱਚ ਬੱਚਿਆਂ ਦੀ ਪਰਵਰਿਸ਼, ਉਨ੍ਹਾਂ ਦੇ ਪਰਿਵਾਰਾਂ ਤੇ ਮੁਨੱਸਰ ਕਰਦੀ ਹੈ। ਜਿਹੜੇ ਪਰਿਵਾਰ ਚੰਗੀ ਆਮਦਨ ਵਾਲੇ ਹਨ, ਉਹ ਆਪਣੇ ਬੱਚਿਆਂ ਦੀਆਂ ਮੰਗਾਂ ਅਤੇ ਬੌਧਿਕ ਤੇ ਭਾਵਨਾਤਮਕ ਪੱਧਰ ਦੀਆਂ ਲੋੜਾਂ ਪੂਰੀਆਂ ਕਰ ਸਕਦੇ ਹਨ, ਫਲਸਰੂਪ ਉਨ੍ਹਾਂ ਦੇ ਚੰਗੇ ਤੇ ਵਧੀਆ ਨਤੀਜੇ ਨਿਕਲਦੇ ਹਨ। ਜਿਹੜੇ ਬੱਚੇ ਗਰੀਬੀ ਵਿੱਚ ਪਲਦੇ ਹਨ, ਉਹ ਕਈ ਪ੍ਰਕਾਰ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਦੇ ਹਨ, ਜਿਸਦਾ ਅਸਰ ਉਨ੍ਹਾਂ ਉੱਤੇ ਅਤੇ ਉਨ੍ਹਾਂ ਦੇ ਭਾਈਚਾਰੇ ਉੱਤੇ ਵੀ ਪੈਂਦਾ ਹੈ। ਇਸ ਭਾਈਚਾਰੇ ਦੇ ਇਹੀ ਨਤੀਜੇ ਨਿਕਲਦੇ ਹਨ ਕਿ ਉਨ੍ਹਾਂ ਦੇ ਬੱਚੇ ਮੁਜਰਿਮ, ਕੰਮਚੋਰ, ਭੈੜੇ ਵਤੀਰੇ ਵਾਲੇ, ਕਮਜ਼ੋਰ ਅਤੇ ਮਜ਼ਦੂਰ ਬਣਨ ਤੱਕ ਹੀ ਰਹਿ ਜਾਂਦੇ ਹਨ। ਤੀਜੇ, ਸਮਾਜਿਕ ਅਤੇ ਨਿੱਜੀ ਪੱਖ ਵਿੱਚ ਚੁਗਿਰਦਾ, ਭਾਈਚਾਰੇ ਵਿਚਲੀ ਬੋਲਚਾਲ, ਇੱਕ ਦੂਜੇ ਨਾਲ ਮੇਲ-ਮਿਲਾਪ, ਪਿਆਰ, ਸਹਿਯੋਗ ਆਦਿ ਆ ਜਾਂਦੇ ਹਨ, ਜਿਹੜੇ ਬੱਚਿਆਂ ਦੇ ਵਿਵਹਾਰ ਉੱਤੇ ਡੂੰਘਾ ਪ੍ਰਭਾਵ ਪਾਉਂਦੇ ਹਨ। ਭਾਈਚਾਰਾ, ਸਿੱਖਣ ਦਾ ਮਾਹੌਲ ਪੈਦਾ ਕਰਦਾ ਹੈ, ਜਦੋਂ ਸਾਰੇ ਨਾਗਰਿਕ ਸਾਂਝੇ ਰੂਪ ਵਿੱਚ ਕੋਈ ਕਾਰਜ ਕਰਦੇ ਹਨ, ਤਾਂ ਇਸਦਾ ਅਸਰ ਬੱਚਿਆਂ ਦੀ ਹਾਂ-ਪੱਖੀ ਪਰਵਰਿਸ਼ ਤੇ ਵੀ ਅਵੱਸ਼ ਪੈਂਦਾ ਹੈ। ਭਾਈਚਾਰਾ ਰਸਮੀ ਅਤੇ ਗੈਰਰਸਮੀ ਢੰਗ ਨਾਲ, ਬੱਚਿਆਂ ਦੇ ਚੰਗੇਰੇ ਵਿਕਾਸ ਲਈ ਸਹੂਲਤਾਂ ਪ੍ਰਦਾਨ ਕਰ ਸਕਦਾ ਹੈ, ਜਿਵੇਂ ਕਿ ਪਾਰਕ, ਮਨੋਰੰਜਨ ਦੇ ਸਾਧਨ, ਵਿੱਦਿਆ, ਮੁੜਵਸੇਬਾ ਸੇਵਾਵਾਂ, ਬੱਚਿਆਂ ਲਈ ਵਿਸ਼ੇਸ਼ ਦੇਖਭਾਲ ਦੀਆਂ ਸੇਵਾਵਾਂ, ਸਿਹਤ ਸੇਵਾਵਾਂ, ਖੁਰਾਕ ਜਾਂ ਪੌਸ਼ਣ ਦੀਆਂ ਸੇਵਾਵਾਂ, ਸਮਾਜਿਕ ਸੇਵਾਵਾਂ, ਕਾਨੂੰਨ ਸਬੰਧੀ ਗਿਆਨ, ਸਿਹਤ ਬਨਾਉਣ ਦੀਆਂ ਸਹੂਲਤਾਂ, ਰੋਜ਼ਗਾਰ ਦੇ ਮੌਕੇ, ਕਮਜ਼ੋਰ ਵਰਗ ਲਈ ਆਰਥਿਕ ਸਹਾਇਤਾ, ਬਜ਼ੁਰਗਾਂ ਲਈ ਸੇਵਾਵਾਂ, ਡੇਅ-ਕੇਅਰ ਕੇਂਦਰ, ਬੱਚਿਆਂ ਦੀ ਸਿਹਤ ਅਤੇ ਭਲਾਈ ਸਬੰਧੀ ਸੇਵਾਵਾਂ ਆਦਿ।

## 1.9 ਤਜਵੀਜ਼ਤ ਪ੍ਰਸ਼ਨ :

**ਪ੍ਰਸ਼ਨ1. ਆਪਣੇ ਸ਼ਬਦਾਂ ਵਿੱਚ "ਸ਼ਖ਼ਸੀਅਤ ਦੇ ਵਿਕਾਸ" ਸਬੰਧੀ ਵਿਆਖਿਆ ਕਰੋ?**

**ਪ੍ਰਸ਼ਨ2. ਸਮਾਜੀਕਰਣ ਦੇ ਸਿਧਾਂਤਾਂ ਸਬੰਧੀ ਆਪਣੇ ਵਿਚਾਰ ਪ੍ਰਗਟ ਕਰੋ?**

**ਪ੍ਰਸ਼ਨ3. ਸਮਾਜੀਕਰਣ ਦੇ ਵਿਭਿੰਨ ਰੂਪਾਂ ਬਾਰੇ ਦੱਸੋ?**

**ਪ੍ਰਸ਼ਨ4. "ਪਰਿਵਾਰ" ਸਮਾਜੀਕਰਣ ਦਾ ਇੱਕ ਅੰਗ ਹੈ, ਇਸ ਬਾਰੇ ਚਾਨਣਾ ਪਾਉ?**

**ਪ੍ਰਸ਼ਨ5. ਸਮਾਜੀਕਰਣ ਅਤੇ ਸਵੈ-ਸਮਾਜੀਕਰਣ ਦੀ ਪਰਿਭਾਸ਼ਾ ਦਿਉ?**

**ਪ੍ਰਸ਼ਨ6. ਬੱਚਿਆਂ ਦੇ ਵਿਵਹਾਰ ਉੱਤੇ ਭਾਈਚਾਰਾ ਕਿਵੇਂ ਪ੍ਰਭਾਵ ਪਾਉਂਦਾ ਹੈ?**

## 1.10 ਤਜਵੀਜ਼ਤ ਪਾਠ ਸਮੱਗਰੀ

1) www.academia.edu/12833096/Community_as_an_Agency_of_Social ization
2) www.achieveriaclasses.com/notes/ESOII_9%20 Agencies
3) https://prezi.com/dxrglcm8zmgy/family_as_an_agent_of socialization
4) www.tandfoline.com/doi/pdf10.1080/00224545
5) https://en,wikipedia.org/wiki/socialization
6) Study.com/academy/lesson/self-socialization-definition_lesson-quiz
7) https://psych.knsoji.com/socialization-and- the-social-self

**ਪਾਠ ਨੰ: 1.2** **ਲੇਖਿਕਾ: ਇਸ਼ਟਦੀਪ ਕੌਰ**

**ਪਾਠ ਦੀ ਬਣਤਰ :**

2.1 ਉਦੇਸ਼
2.2 ਭੂਮਿਕਾ
2.3 ਸਮਾਜੀਕਰਣ ਵਿੱਚ ਸਕੂਲ ਬਤੌਰ ਸਾਧਨ
2.4 ਵਿਅਕਤਿੱਤਵ ਬਨਾਉਣ ਵਿੱਚ ਸਾਥੀਆਂ ਦਾ ਪ੍ਰਭਾਵ
2.5 ਵਿਅਕਤਿੱਤਵ ਬਨਾਉਣ ਵਿੱਚ ਮੀਡੀਆ ਸੁਨੇਹਿਆਂ ਦਾ ਪ੍ਰਭਾਵ
2.6 ਵਿਅਕਤਿੱਤਵ ਬਨਾਉਣ ਵਿੱਚ ਤਕਨਾਲੋਜੀ ਦਾ ਪ੍ਰਭਾਵ
2.7 ਤਜਵੀਜ਼ਤ ਪ੍ਰਸ਼ਨ
2.8 ਤਜਵੀਜ਼ਤ ਪਾਠ-ਸਮੱਗਰੀ

## 2.1 ਉਦੇਸ਼ :

ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ ਨਿਮਨਲਿਖਿਤ ਪ੍ਰਸ਼ਨਾਂ ਦੀ ਵਿਆਖਿਆ ਕਰ ਸਕੋਗੇ ।

1. ਇਹ ਵਿਆਖਿਆ ਕਰ ਪਾਉਗੇ ਕਿ ਪਰਿਵਾਰ ਤੋਂ ਬਾਅਦ "ਸਕੂਲ" ਹੀ ਸਮਾਜੀਕਰਣ ਦਾ ਮੁੱਖ ਸਾਧਨ ਜਾਂ ਜ਼ਰੀਆ ਹੈ।
2. ਇਹ ਦੱਸ ਸਕੋਗੇ ਕਿ ਬੱਚਿਆਂ ਦੀ ਜ਼ਿੰਦਗੀ ਵਿੱਚ ਸਾਥੀਆਂ ਦਾ ਰੋਲ ਕਿੰਨਾ ਅਹਿਮ ਹੈ।
3. ਇਹ ਪਰਿਭਾਸ਼ਤ ਕਰ ਸਕੋਗੇ ਕਿ ਬੱਚਿਆਂ ਦੇ ਵਿਵਹਾਰ ਨੂੰ ਮੀਡੀਆ ਕਿੰਨਾ ਕੁ ਪ੍ਰਭਾਵਿਤ ਕਰਦਾ ਹੈ।
4. ਇਹ ਜਾਣ ਪਾਉਗੇ ਕਿ ਬੱਚਿਆਂ ਉੱਤੇ ਤਕਨਾਲੋਜੀ ਕਿੰਨਾ ਪ੍ਰਭਾਵ ਪਾਉਂਦੀ ਹੈ।

## 2.2 ਭੂਮਿਕਾ :

ਸਮਾਜੀਕਰਣ , ਉਹ ਪ੍ਰਕ੍ਰਿਆ ਹੈ, ਜਿਸ ਦੁਆਰਾ ਬੱਚਾ ਇਹ ਸਿੱਖਦਾ ਹੈ ਕਿ ਉਸਨੇ ਜ਼ਿੰਦਗੀ ਵਿੱਚ ਕਿਵੇਂ ਵਿਚਰਨਾ ਹੈ ਅਤੇ ਦੂਜਿਆਂ ਨਾਲ ਕਿਵੇਂ ਵਿਵਹਾਰ ਕਰਨਾ ਹੈ। ਸਾਡਾ ਸਮਾਜ ਹੀ ਸਮਾਜੀਕਰਣ ਦਾ ਇੱਕ ਜ਼ਰੀਆ ਹੈ ਅਤੇ ਜਿਹੜਾ ਵਿਅਕਤੀ ਵੀ ਇਸ ਦੇ ਸੰਪਰਕ ਵਿੱਚ ਹੁੰਦਾ ਹੈ, ਉਹੀ ਸਮਾਜੀਕਰਣ ਦਾ ਸਾਧਨ ਹੁੰਦਾ ਹੈ। ਬੱਚੇ ਦਾ ਪਹਿਲਾ ਸੰਸਾਰ, ਉਸਦਾ ਪਰਿਵਾਰ ਹੁੰਦਾ ਹੈ ਲੇਕਿਨ ਬਾਅਦ ਵਿੱਚ ਇਹ ਕਈ ਸਮੂਹਾਂ ਵਿੱਚ ਵੰਡਿਆ ਜਾਂ ਫੈਲ ਜਾਂਦਾ ਹੈ। ਸਮਾਜੀਕਰਣ ਵਿੱਚ ਪਰਿਵਾਰ ਤੋਂ ਇਲਾਵਾ, ਸਕੂਲ, ਸਾਥੀ, ਮਾਸ-ਮੀਡੀਆ, ਤਕਨਾਲੋਜੀ ਅਤੇ ਵਿਸ਼ਵੀਕਰਣ ਵੀ ਅਹਿਮ ਰੋਲ ਅਦਾ ਕਰਦੇ ਹਨ। ਸਮਾਜੀਕਰਣ ਲੋਕਾਂ ਨੂੰ ਸਿਖਾਂਦਾ ਹੈ ਕਿ ਉਨ੍ਹਾਂ ਨੇ ਜ਼ਿੰਦਗੀ ਵਿੱਚ ਕਿਵੇਂ ਸਹੀ ਢੰਗ ਨਾਲ ਵਿਚਰਨਾ ਹੈ।

## 2.3 ਸਮਾਜੀਕਰਣ ਵਿੱਚ ਸਕੂਲ ਬਤੌਰ ਸਾਧਨ :

ਸਮਾਜੀਕਰਣ ਦਾ ਪਸਾਰਾ, ਸਾਡੀ ਸਾਰੀ ਜ਼ਿੰਦਗੀ ਦੌਰਾਨ ਬਣਿਆ ਰਹਿੰਦਾ ਹੈ, ਲੇਕਿਨ ਮਹੱਤਵਪੂਰਣ ਸਮਾਜੀਕਰਣ ਬਚਪਨ ਵਿੱਚ ਹੀ ਪੈਦਾ ਹੁੰਦਾ ਹੈ। ਨਿਰਸੰਦੇਹ, ਸਕੂਲਾਂ ਦਾ ਮੁੱਖ ਮਨੋਰਥ ਬੱਚੇ ਨੂੰ ਕਿਤਾਬੀ ਗਿਆਨ ਹੀ ਪ੍ਰਦਾਨ ਕਰਨਾ ਹੁੰਦਾ ਹੈ। ਸਕੂਲ ਵਿੱਚ ਵਿਦਿਆਰਥੀ ਕੇਵਲ ਆਪਣਾ ਵਿਸ਼ਾ ਹੀ ਨਹੀਂ ਪੜ੍ਹਦੇ, ਜੋਕਿ ਅਧਿਆਪਕਾਂ ਅਤੇ ਪ੍ਰਬੰਧਕਾਂ ਵੱਲੋਂ ਤਿਆਰ ਕੀਤਾ ਜਾਂਦਾ ਹੈ, ਸਗੋਂ ਉਹ ਨਾਲੋ-ਨਾਲ ਅਧਿਆਪਕਾਂ, ਦਫਤਰ ਅਮਲੇ ਅਤੇ ਦੂਜੇ ਵਿਦਿਆਰਥੀਆਂ ਨਾਲ ਗੱਲਬਾਤ ਕਰਨ ਦਾ ਸਲੀਕਾ ਵੀ ਸਿੱਖਦੇ ਹਨ। ਮਿਸਾਲ ਦੇ ਤੋਰ ਤੇ, ਵਿਦਿਆਰਥੀ ਅਧਿਆਕਾਰੀਆਂ ਦੀ ਆਗਿਆ ਮੰਨਣਾ, ਵੱਡਿਆਂ ਦੀ ਇੱਜ਼ਤ ਕਰਨਾ, ਸਮੇਂ ਦੇ ਪਾਬੰਦ

ਬਣਨਾ, ਦੂਜੇ ਵਿਦਿਆਰਥੀਆਂ ਨੂੰ ਸਹਿਯੋਗ ਦੇਣਾ, ਚੀਜ਼ਾਂ ਵੰਡਣ ਦੀ ਆਦਤ, ਭਾਈਚਾਰਕ ਸਾਂਝ, ਨਿਯਮਾਂ ਦੀ ਪਾਲਣਾ, ਸਲੀਕਾ, ਨਿਮਰਤਾ, ਸੱਚ ਬੋਲਣਾ, ਨੈਤਿਕ ਕਾਰਜ ਆਦਿ ਗੁਣ ਸਿੱਖਦੇ ਹਨ। ਸਕੂਲ ਵਿੱਚ ਬੱਚੇ ਸਮਾਜਿਕ ਅਤੇ ਮਿਲਣਸਾਰ ਬਣਦੇ ਹਨ ਅਤੇ ਸਮਾਜ ਵਿੱਚ ਵਿਚਰਨ ਲਈ ਤਿਆਰ ਹੁੰਦੇ ਹਨ। ਸਕੂਲ ਵਿੱਚ ਉਹ ਸਭਿਆਚਾਰ , ਨੈਤਿਕ ਕਦਰਾਂ-ਕੀਮਤਾਂ, ਸਦਾਚਾਰ, ਰਾਜਨੀਤੀ, ਧਾਰਮਿਕ ਅਕੀਦੇ ਅਤੇ ਕਾਨੂੰਨ ਸਬੰਧੀ ਜਾਣਕਾਰੀ ਹਾਸਿਲ ਕਰਦੇ ਹਨ। ਵਿਦਿਆਰਥੀ , ਮਾਪਿਆਂ ਦੇ ਪੂਰਨਿਆਂ ਤੇ ਚਲਣਾ ਸਿੱਖਦੇ ਹਨ, ਸਮੂਹਕ ਰੂਪ ਵਿੱਚ ਸੈਰ-ਸਪਾਟੇ ਤੇ ਜਾ ਕੇ ਅਤੇ ਰਲ ਕੇ ਖੇਡਣ ਨਾਲ ਬੜਾ ਕੁਝ ਸਿੱਖਦੇ ਹਨ, ਜਿਸਦਾ ਪ੍ਰਬੰਧ ਅਧਿਆਪਕਾਂ ਦੁਆਰਾ ਕੀਤਾ ਜਾਂਦਾ ਹੈ। ਕੁਝ ਅਨਪੜ੍ਹ ਲੋਕਾਂ ਅਤੇ ਸਮਾਜਾਂ ਵਿੱਚ ਸਮਾਜੀਕਰਣ ਘਰ ਤੋਂ ਹੀ ਆਰੰਭ ਹੁੰਦਾ ਹੈ, ਲੇਕਿਨ ਬਹੁਤੇ ਲੋਕਾਂ ਵਿੱਚ ਇਹ ਪ੍ਰਕ੍ਰਿਆ ਵਿਦਿਅਕ ਸੰਸਥਾਵਾਂ ਰਾਹੀਂ ਆਰੰਭੀ ਜਾਂਦੀ ਹੈ। ਪਰਿਵਾਰ ਤੋਂ ਮਗਰੋਂ, ਸਮਾਜੀਕਰਣ ਦਾ ਬੀੜਾ, ਵਿਦਿਅਕ ਸੰਸਥਾਵਾਂ ਆਪਣੇ ਮੋਢਿਆਂ ਤੇ ਲੈ ਲੈਂਦੀਆਂ ਹਨ। ਸਕੂਲ, ਵਿਦਿਆਰਥੀਆਂ ਨੂੰ ਕੇਵਲ ਪੜ੍ਹਨਾ-ਲਿਖਣਾ ਅਤੇ ਹਿਸਾਬ ਕਰਨਾ ਹੀ ਨਹੀਂ ਸਿਖਾਂਦੇ , ਸਗੋਂ ਉਹ ਉਨ੍ਹਾਂ ਦਾ ਵਿਕਾਸ ਵੀ ਕਰਦੇ ਹਨ, ਉਨ੍ਹਾਂ ਅੰਦਰ ਅਨੁਸ਼ਾਸ਼ਨ ਭਰਦੇ ਹਨ, ਉਨ੍ਹਾਂ ਅੰਦਰ ਕਾਨੂੰਨ ਦੀ ਪਾਲਣਾ ਕਰਨੀ ਅਤੇ ਉਨ੍ਹਾਂ ਅੰਦਰਲੀ ਪ੍ਰਤਿਭਾ ਨੂੰ ਕੰਪੀਟੀਸ਼ਨ ਰਾਹੀਂ ਪਰਖਣਾ ਸਿਖਾਂਦੇ ਹਨ। ਘਰ ਵਿੱਚ ਸਿੱਖਿਆ, ਨਿੱਜੀ ਪੱਧਰ ਤੇ ਦਿੱਤੀ ਜਾਂਦੀ ਹੈ, ਜੋਕਿ ਭਾਵਨਾਤਮਕ ਪੱਧਰ ਤੇ ਹੁੰਦੀ ਹੈ ਲੇਕਿਨ ਸਕੂਲ ਵਿੱਚ ਦਿੱਤੀ ਜਾਂਦੀ ਸਿੱਖਿਆ ਬੋਧਿਕ ਪੱਧਰ ਤੇ ਹੁੰਦੀ ਹੈ।

## 2.4 ਵਿਅਕਤਿੱਤਵ ਬਨਾਉਣ ਵਿੱਚ ਸਾਥੀਆਂ ਦਾ ਪ੍ਰਭਾਵ :

ਸਾਥੀ ਜਾਂ ਹਮਜੋਲੀ, ਉਨ੍ਹਾਂ ਵਿਅਕਤੀਆਂ ਦਾ ਸਮੂਹ ਹੁੰਦਾ ਹੈ, ਜਿਹੜਾ ਇਕੋ ਉਮਰ ਦਾ ਹੋਵੇ ਅਤੇ ਜਿਨ੍ਹਾਂ ਦਾ ਸਮਾਜਿਕ ਦਰਜਾ ਅਤੇ ਸ਼ੌਕ ਵੀ ਇਕੋ ਜਿਹੇ ਹੋਣ। ਇਨ੍ਹਾਂ ਸਾਥੀਆਂ ਵਿੱਚ ਸਮਾਜੀਕਰਣ ਦਾ ਗਿਆਨ ਬਚਪਨ ਵਿੱਚ ਹੀ ਪੈਦਾ ਹੋ ਜਾਂਦਾ ਹੈ, ਜਦੋਂ ਉਹ ਖੇਡ ਦੇ ਮੈਦਾਨ ਵਿੱਚ ਇਕੱਠੇ ਖੇਡਦੇ ਹਨ ਅਤੇ ਉਹ ਆਪਣੇ ਤੋਂ ਛੋਟੇ ਬੱਚਿਆਂ ਨੂੰ ਖੇਡ ਆਦਿ ਦੇ ਨਿਯਮਾਂ ਅਤੇ ਉਨ੍ਹਾਂ ਦੀ ਵਾਰੀ ਆਦਿ ਬਾਰੇ ਜਾਣਕਾਰੀ ਵੀ ਦਿੰਦੇ ਹਨ। ਇਸ ਪ੍ਰਕ੍ਰਿਆ ਦੌਰਾਨ ਹੀ ਬੱਚਾ ਜਵਾਨ ਹੋ ਜਾਂਦਾ ਹੈ। ਕਿਸ਼ੋਰ ਅਵਸਥਾ ਵਿੱਚ ਇਹ ਸਾਥੀਆਂ ਦਾ ਸਮੂਹ ਬੜਾ ਮਹੱਤਵਪੂਰਣ ਹੁੰਦਾ ਹੈ, ਕਿਉਂਕਿ ਇਸ ਸਮੇਂ ਹੀ ਨਿਵੇਕਲੇ ਵਿਅਕਤਿੱਤਵ ਦਾ ਨਿਖਾਰ ਤੇ ਬਣਤ ਸ਼ੁਰੂ ਹੁੰਦੀ ਹੈ। ਇਸ ਸਮੇਂ ਉਹ ਅਨੁਭਵ ਕਰਦੇ ਹਨ ਕਿ ਉਹ ਇੱਕ ਸੁਤੰਤਰ ਸ਼ਖ਼ਸੀਅਤ ਦੇ ਮਾਲਿਕ ਹਨ। ਜਦੋਂ ਉਹ ਬੱਚੇ ਹੁੰਦੇ ਹਨ, ਤਾਂ ਉਹ ਹਰੇਕ ਕਾਰਜ ਵਿੱਚ ਆਪਣੇ ਸਾਥੀਆਂ ਦੀ ਸਹਾਇਤਾ ਨਾਲ ਚਲਦੇ ਹਨ, ਲੇਕਿਨ ਕਿਸ਼ੋਰ ਅਵਸਥਾ ਵਿੱਚ ਪਹੁੰਚ ਕੇ, ਉਹ ਸਮਾਜ ਵਿੱਚ ਆਪਣੇ-ਆਪਣੇ ਵਿਚਰਨ ਲਈ ਮੌਕੇ ਤਲਾਸ਼ ਕਰਦੇ ਹਨ। ਇਸ ਸਮੇਂ ਉਨ੍ਹਾਂ ਨੂੰ ਆਪਣੇ ਮਾਪਿਆਂ ਨਾਲੋਂ, ਦੋਸਤ ਤੇ ਸਾਥੀ ਵਧੇਰੇ ਚੰਗੇ ਲੱਗਦੇ ਹਨ। ਇਸ ਤੱਥ ਦਾ ਅਧਿਐਨ ਕੀਤਾ ਜਾ ਚੁੱਕਿਆ ਹੈ ਕਿ ਜਵਾਨੀ ਵਿੱਚ ਦੋਸਤਾਂ ਦਾ ਦਰਜਾ ਕਾਫੀ ਉੱਚਾ ਤੇ ਅਹਿਮ ਹੁੰਦਾ ਹੈ। ਇਸ ਕਰਕੇ ਪਰਿਵਾਰ ਅਤੇ ਬਚਪਨ ਦੇ ਸਾਥੀਆਂ ਨਾਲੋਂ, ਜਵਾਨੀ ਦੇ ਦੋਸਤ, ਸਮਾਜੀਕਰਣ ਦੀ ਪ੍ਰਕ੍ਰਿਆ ਨੂੰ ਕਾਫ਼ੀ ਜ਼ਿਆਦਾ ਪ੍ਰਭਾਵਿਤ ਕਰਦੇ ਹਨ। ਸਮਾਜੀਕਰਣ ਦਾ ਇਹ ਰੂਪ ਦਿਨ-ਬ-ਦਿਨ ਵੱਧ ਰਿਹਾ ਹੈ, ਨੌਜਵਾਨ ਬੱਚੇ ਆਪਣਾ ਵੱਧ ਤੋਂ ਵੱਧ ਸਮਾਂ ਸਾਥੀਆਂ ਨਾਲ ਬਿਤਾਉਂਦੇ ਹਨ, ਬਨਿਸਬਤ ਮਾਪਿਆਂ ਦੇ। ਉਹ ਨੌਜਵਾਨ, ਜਿਹੜੇ ਮਲਟੀਨੈਸ਼ਨਲ ਕੰਪਨੀਆਂ ਵਿੱਚ ਨੌਕਰੀ ਕਰਦੇ ਹਨ ਅਤੇ ਦੂਜੇ ਸ਼ਹਿਰਾਂ ਵਿੱਚ ਰਹਿੰਦੇ ਹਨ, ਉਹ ਵਧੇਰੇ ਸਮਾਂ ਆਪਣੇ ਸਾਥੀਆਂ ਨਾਲ ਹੀ ਗੁਜ਼ਾਰਦੇ ਹਨ, ਕਿਉਂਕਿ ਉਹ ਪਰਿਵਾਰ ਤੋਂ ਦੂਰ ਹੁੰਦੇ ਹਨ। ਕਿਸ਼ੋਰ- ਅਵਸਥਾ ਵਿੱਚ ਦੋਸਤਾਂ ਤੇ ਲੋੜ ਨਾਲੋਂ ਜ਼ਿਆਦਾ ਜਾਂ ਬਹੁਤਾ ਇਤਬਾਰ ਕੀਤਾ ਜਾਂਦਾ ਹੈ। ਇਸ ਸਬੰਧੀ ਅਧਿਐਨ ਤੋਂ ਪਤਾ ਚਲਦਾ ਹੈ ਕਿ ਉਹ ਆਪਣਾ ਇੱਕ ਵੱਖਰਾ ਤੇ ਅਨੋਖਾ ਹੀ ਉਪ-ਸਭਿਆਚਾਰ ਬਣਾ ਲੈਂਦੇ ਹਨ, ਜਿਵੇਂ ਕਿ ਨਸ਼ਿਆਂ, ਮੋਟਰਸਾਈਕਲਾਂ, ਲੜਕੇ-ਲੜਕੀਆਂ ਦੀਆਂ ਦੋਸਤੀਆਂ ਆਦਿ ਦਾ ਸਭਿਆਚਾਰ । ਕੁਝ ਨੌਜਵਾਨ ਅਜਿਹੇ ਗਰੁੱਪ ਨੂੰ ਤਰਜੀਹ ਦਿੰਦੇ ਹਨ, ਜਿਹੜਾ ਕਿ ਪ੍ਰਵਾਨਤ ਕਦਰਾਂ ਕੀਮਤਾਂ ਦਾ ਅਨੁਸਰਣ ਕਰਦਾ ਹੋਵੇ ਅਤੇ ਕੁਝ ਐਸੇ ਹਨ, ਜਿਹੜੇ ਕਦਰਾਂ-ਕੀਮਤਾਂ ਤੋਂ ਉਲਟ ਚਲਣ ਵਾਲੇ ਗਰੁੱਪਾਂ ਦਾ ਸਾਥ ਦਿੰਦੇ ਹਨ। ਇਹ ਨੌਜਵਾਨ ਤੇ ਨਿਰਭਰ ਕਰਦਾ ਹੈ ਕਿ

ਉਸਨੇ ਕਿਹੜਾ ਗਰੁੱਪ ਚੁਣਨਾ ਹੈ, ਜੋਕਿ ਉਸ ਲਈ ਬਿਹਤਰ ਹੋਵੇ। ਸਮਾਜੀਕਰਣ ਦੀ ਪ੍ਰਕ੍ਰਿਆ ਵਿੱਚ ਸਾਥੀਆਂ ਦੋਸਤਾਂ ਦਾ ਬੜਾ ਅਹਿਮ ਰੋਲ ਹੁੰਦਾ ਹੈ।

**2.5 ਵਿਅਕਤਿੱਤਵ ਬਨਾਉਣ ਵਿੱਚ ਮੀਡੀਆ ਸੁਨੇਹਿਆਂ ਦਾ ਪ੍ਰਭਾਵ :**

ਸਮਾਜੀਕਰਣ ਦਾ ਇੱਕ ਹੋਰ ਸ੍ਰੋਤ ਜਨਤਕ ਮਾਧਿਅਮ ਹਨ। ਪਹਿਲੇ ਸਮਿਆਂ ਵਿੱਚ ਸੰਚਾਰ ਦਾ ਸਾਧਨ , ਪ੍ਰਕਾਸ਼ਿਤ ਸਮੱਗਰੀ ਹੀ ਹੁੰਦੀ ਸੀ, ਲੇਕਿਨ ਹੁਣ ਇਹ ਰੁਝਾਨ ਇਲੈਕਟਰਾਨਿਕ ਸੰਚਾਰ ਵੱਲ ਨੂੰ ਹੋ ਗਿਆ ਹੈ। ਪਹਿਲਾਂ ਵਾਲੇ ਸੰਚਾਰ ਮਾਧਿਅਮ ਤੋਂ ਲੈ ਕੇ ਹੁਣ ਵਾਲੇ ਸੰਚਾਰ ਮਾਧਿਅਮਾਂ ਤੱਕ ਨਜ਼ਰ ਮਾਰਿਆਂ ਪਤਾ ਚਲਦਾ ਹੈ ਕਿ ਬੱਚੇ ਜਾਂ ਜਵਾਨ ਦੀ ਸ਼ਖ਼ਸੀਅਤ ਦੇ ਵਿਕਾਸ ਵਿੱਚ ਮੀਡੀਆ ਨੇ ਅਹਿਮ ਰੋਲ ਨਿਭਾਇਆ ਹੈ। ਅਜੋਕੇ ਯੁੱਗ ਵਿੱਚ ਤਕਨੀਕੀ ਵੱਸਤਾਂ, ਜਿਵੇਂ ਕਿ ਰੇਡੀਓ, ਫਿਲਮਾਂ, ਗਾਣਿਆਂ ਦੇ ਰਿਕਾਰਡ, ਰਸਾਲੇ , ਟੈਲੀਵਿਜ਼ਨ ਅਤੇ ਇੰਟਰਨੈੱਟ ਆਦਿ ਸਮਾਜੀਕਰਣ ਦੇ ਮੁੱਖ ਜ਼ਰੀਏ ਬਣ ਗਏ ਹਨ। ਬੱਚਿਆਂ ਦੇ ਸਮਾਜੀਕਰਣ ਵਿੱਚ ਟੈਲੀਵਿਜ਼ਨ ਵਿਸ਼ੇਸ਼ ਤੌਰ ਤੇ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਬਹੁਤ ਸਾਰੇ ਦੇਸੀ ਅਤੇ ਵਿਦੇਸ਼ੀ ਖੋਜੀਆਂ ਨੇ ਇਹ ਖੋਜ ਕੀਤੀ ਹੈ ਕਿ ਅਜੋਕਾ ਨੌਜਵਾਨ , ਸਕੂਲ ਵਿੱਚ ਜਿੰਨਾ ਸਮਾਂ ਪੜ੍ਹਦਾ ਹੈ, ਉਸਤੋਂ ਕਿੱਤੇ ਵੱਧ ਸਮਾਂ ਉਹ ਟੈਲੀਵਿਜ਼ਨ ਦੇਖਣ ਵਿੱਚ ਗੁਜ਼ਾਰਦਾ ਹੈ। ਨੌਜਵਾਨ , ਸੌਣ ਦੇ ਸਮੇਂ ਨੂੰ ਛੱਡਕੇ , ਵਧੇਰੇ ਸਮਾਂ ਟੀ.ਵੀ. ਨੂੰ ਦਿੰਦੇ ਹਨ। ਟੀ.ਵੀ. – ਰਾਜਨੀਤੀ, ਸਭਿਆਚਾਰ, ਔਰਤਾਂ, ਰੰਗ-ਨਸਲ, ਮੌਜ-ਮਸਤੀ ਆਦਿ ਸਬੰਧੀ ਸਾਡੇ ਵਿਚਾਰਾਂ ਨੂੰ ਪ੍ਰਭਾਵਿਤ ਕਰਦਾ ਹੈ। ਕਿਸ਼ੋਰ ਅਵਸਥਾ ਵਿੱਚ ਪਹੁੰਚਣ ਤੋਂ ਪਹਿਲਾ ਹੀ ਬੱਚੇ, ਟੀ.ਵੀ. ਅਤੇ ਫਿਲਮਾਂ ਰਾਹੀਂ ਹਜ਼ਾਰਾਂ ਵਾਰ ਹਿੰਸਾ ਸਬੰਧੀ ਦ੍ਰਿਸ਼ ਦੇਖ ਚੁੱਕੇ ਹੁੰਦੇ ਹਨ। ਬੋਲੀਵੁਡ ਦੀਆਂ ਫਿਲਮਾਂ ਵਿੱਚ ਬਲਾਤਕਾਰ ਦੇ ਦ੍ਰਿਸ਼ ਆਮ ਹੀ ਦਿਖਾਏ ਜਾਂਦੇ ਹਨ। ਟੀ.ਵੀ. ਸੀਰੀਅਲਾਂ ਵਿੱਚ ਔਰਤਾਂ ਵਿਰੁੱਧ ਹੁੰਦੀ ਹਿੰਸਾ ਬੜੀ ਆਮ ਗੱਲ ਹੈ। ਬੱਚਿਆਂ ਦੇ ਮਨ ਤੇ ਇਨ੍ਹਾਂ ਗੱਲਾਂ ਦਾ ਬੜਾ ਮਾੜਾ ਅਸਰ ਪੈਂਦਾ ਹੈ। ਵਪਾਰਕ ਲੋਕ ਸਾਡੀਆਂ ਵਸਤਾਂ ਦੇ ਸ਼ੌਕ ਤੇ ਚੋਣ ਨੂੰ ਬਹੁਤ ਪ੍ਰਭਾਵਿਤ ਕਰਦੇ ਹਨ, ਮਸਲਨ : ਬੂਟ, ਕੱਪੜੇ, ਪਰਸ, ਸਹਾਇਕ ਸਾਮਾਨ, ਸੋਡਾ, ਬਿਸਕੁਟ, ਨਮਕੀਨ, ਮੋਬਾਇਲ-ਫੋਨ ਅਤੇ ਢੇਰ ਸਾਰੇ ਹੋਰ ਉਤਪਾਦਨ ਖਰੀਦਣ ਸਮੇਂ । ਇਨ੍ਹਾਂ ਚੀਜ਼ਾਂ ਨੂੰ ਟੀ.ਵੀ. ਤੇ ਦੇਖਕੇ , ਬੱਚੇ ਮਾਪਿਆਂ ਨੂੰ ਖਰੀਦਣ ਲਈ ਮਜਬੂਰ ਕਰਦੇ ਹਨ। ਟੀ.ਵੀ. ਨਸਲੀ ਭੇਦ ਅਤੇ ਲਿੰਗ ਭੇਦ ਦੀਆਂ ਚਲੀਆਂ ਆ ਰਹੀਆਂ ਬੁਰਾਈਆਂ ਨੂੰ ਅਤੇ ਔਰਤਾਂ ਨੂੰ ਇੱਕ ਕਾਮ ਦੀ ਵਸਤੂ ਸਮਝਣ ਵਿੱਚ ਵੀ ਸਹਾਈ ਹੁੰਦਾ ਹੈ, ਨਤੀਜੇ ਵਜੋਂ ਉਹ ਮਰਦਾਂ ਦੁਆਰਾ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ। ਔਸਤ ਬੱਚਾ ਰੋਜ਼ਾਨਾ 4 ਤੋਂ 5 ਘੰਟੇ ਟੀ.ਵੀ. ਦੇਖਦਾ ਹੈ, ਜਿਸ ਕਰਕੇ ਉਸਨੂੰ ਆਪਣੇ ਦੋਸਤਾਂ ਤੇ ਸਾਥੀਆਂ ਨਾਲ ਖੇਡਣ ਅਤੇ ਸਮਾਜਿਕ ਵਿਵਹਾਰ ਸਿੱਖਣ ਦਾ ਸਮਾਂ ਬਹੁਤ ਘੱਟ ਮਿਲਦਾ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚੇ ਦੇ ਟੀ.ਵੀ. ਦੇਖਣ ਉੱਤੇ ਕੰਟਰੋਲ ਰੱਖਣ ਅਤੇ ਇਹ ਵੀ ਨਜ਼ਰ ਰੱਖਣ ਕਿ ਉਹ ਕਿਹੜੇ-ਕਿਹੜੇ ਪ੍ਰੋਗਰਾਮ ਦੇਖਦਾ ਹੈ। ਕੁਝ ਮਾਪੇ, ਬੱਚਿਆਂ ਨੂੰ ਟੀ.ਵੀ. ਤੇ ਜੋ ਮਰਜ਼ੀ ਦੇਖਣ ਦੀ ਖੁੱਲ ਦੇ ਦਿੰਦੇ ਹਨ। ਜਦੋਂ ਟੀ.ਵੀ. ਦਾ ਰੀਮੋਟ ਉਨ੍ਹਾਂ ਦੇ ਹੱਥਾਂ ਵਿੱਚ ਹੁੰਦਾ ਹੈ ਤਾਂ ਉਹ ਝਟਪਟ ਚੈਨਲ ਬਦਲਦੇ ਰਹਿੰਦੇ ਹਨ, ਜਦੋਂ ਕੋਈ ਚੈਨਲ ਉਨ੍ਹਾਂ ਦਾ ਧਿਆਨ ਆਕਰਸ਼ਿਤ ਕਰਦਾ ਹੈ ਤਾਂ ਉਹ ਫਟਾਫਟ ਉੱਥੇ ਰੁੱਕ ਜਾਂਦੇ ਹਨ।ਅੱਜਕਲ ਕਾਰਟੂਨ ਚੈਨਲਾਂ ਉੱਤੇ ਵੀ ਪ੍ਰੇਮ-ਕਹਾਣੀਆਂ ਅਤੇ ਚੁੰਮਣ ਦੇ ਦ੍ਰਿਸ਼ ਦਿਖਾਏ ਜਾਂਦੇ ਹਨ, ਜਿਨ੍ਹਾਂ ਦਾ ਬੱਚਿਆਂ ਦੀ ਮਾਨਸਿਕਤਾ ਉੱਤੇ ਗਲਤ ਪ੍ਰਭਾਵ ਪੈਂਦਾ ਹੈ। ਕਈ ਬੱਚੇ ਟੀ.ਵੀ. ਤੋਂ ਬਹੁਤ ਕੁਝ ਸਿੱਖਦੇ ਹਨ, ਕਿਉਂਕਿ ਕੁਝ ਚੀਜ਼ਾਂ ਉਨ੍ਹਾਂ ਦੇ ਲਈ ਲਾਭਦਾਇਕ ਅਤੇ ਗਿਆਨਵਰਧਕ ਹੁੰਦੀਆਂ ਤੇ ਕੁਝ ਹਾਨੀਕਾਰਕ ਤੇ ਨੁਕਸਾਨਦੇਹ ਹੁੰਦੀਆਂ ਹਨ ।

ਬੱਚੇ ਮੀਡੀਆ ਰਾਹੀਂ ਦੁਨੀਆਂ ਦਾ ਗਿਆਨ, ਸਮਾਜ ਦੇ ਰੀਤੀ-ਰਿਵਾਜ, ਵੱਖ-ਵੱਖ ਕਾਰੋਬਾਰਾਂ ਕਿੱਤਿਆਂ ਜਿਵੇਂ ਕਿ ਡਾਕਟਰ, ਨਰਸ , ਇੰਜੀਨੀਅਰ, ਕਲਰਕ, ਅਧਿਆਪਕ, ਸਮਾਜਿਕ ਸੰਸਥਾਵਾਂ, ਵੱਖ-ਵੱਖ ਭਾਸ਼ਾਵਾਂ, ਚਲੰਤ ਮਸਲਿਆਂ, ਤਾਜ਼ਾ ਖਬਰਾਂ, ਵਿਚਾਰ-ਚਰਚਾਵਾਂ ਆਦਿ ਬਾਬਤ ਜਾਣਕਾਰੀ ਹਾਸਿਲ ਕਰਦੇ ਹਨ। ਜੇਕਰ ਅਜਿਹੀਆਂ ਚੀਜ਼ਾਂ ਉਹ ਟੀ.ਵੀ. ਤੇ ਦੇਖਦੇ ਹਨ, ਤਾਂ ਉਹ ਉਨ੍ਹਾਂ ਲਈ ਬੜੀਆਂ ਫਾਇਦੇਮੰਦ ਸਾਬਿਤ ਹੁੰਦੀਆਂ ਹਨ। ਐਪਰ, ਇਸ ਤੋਂ ਵਿਪਰੀਤ ਕੁਰਾਹੇ ਪਾਉਣ ਵਾਲੀਆਂ ਚੀਜਾਂ ਵੀ ਟੀ.ਵੀ. ਤੇ ਦਿਖਾਈਆਂ ਜਾਂਦੀਆਂ ਹਨ, ਜੋਕਿ ਬੱਚਿਆਂ ਲਈ ਹਾਨੀਕਾਰਕ ਹੁੰਦੀਆਂ ਹਨ। ਸਮਾਜ ਵਿਗਿਆਨੀਆਂ ਦਾ ਮੰਨਣਾ ਹੈ ਕਿ ਮੀਡੀਆ ਕੋਲ

ਬਹੁਤ ਸ਼ਕਤੀ ਹੁੰਦੀ ਹੈ ਕਿ ਉਹ ਸਾਨੂੰ ਦਿਸ਼ਾ ਦਿਖਾ ਸਕੇ ਕਿ ਅਸੀਂ ਕੀ ਜਾਣਨਾ ਹੈ, ਕੀ ਸਮਝਣਾ ਹੈ, ਕਿਵੇਂ ਗ੍ਰਹਿਣ ਕਰਨਾ ਹੈ ਅਤੇ ਇੱਕ ਦੂਜੇ ਨਾਲ ਕਿਸ ਪ੍ਰਕਾਰ ਦਾ ਵਿਵਹਾਰ ਕਰਨਾ ਤੇ ਗੱਲਬਾਤ ਕਰਨੀ ਹੈ। ਲੋਕਾਂ ਦਾ ਵਿਸ਼ਵਾਸ ਹੈ ਕਿ ਅੱਜ ਦੀ ਬਹੁਤੀ ਜਾਣਕਾਰੀ, ਮੀਡੀਆ ਰਾਹੀਂ ਦੇਖੀ ਜਾ ਸਕਦੀ ਹੈ ਜਾਂ ਪੜ੍ਹੀ ਜਾ ਸਕਦੀ ਹੈ। ਉਹ ਇਸੇ ਨੂੰ ਹੀ ਸਭ ਕੁਝ ਦਾ ਆਧਾਰ ਮੰਨਦੇ ਹਨ। ਇਸੇ ਲਈ ਅਸੀਂ ਅਖਬਾਰ, ਰਸਾਲੇ, ਕੌਮਿਕ-ਪੁਸਤਕਾਂ ਆਦਿ ਪੜ੍ਹਦੇ ਹਾਂ ਅਤੇ ਟੀ.ਵੀ., ਕੰਪਿਊਟਰ, ਫਿਲਮਾਂ ਆਦਿ ਦੇਖਦੇ ਹਾਂ। ਨਿਰਸੰਦੇਹ, ਇਹ ਲੋਕ-ਸੰਚਾਰ ਜਾਂ ਜਨਤਕ ਮਾਧਿਅਮ ਦੇ ਵੱਡੇ ਸ੍ਰੋਤ ਹਨ। ਅਜੋਕੇ ਸਮੇਂ ਵਿੱਚ ਗਿਆਨ ਦਾ ਮੁੱਖ ਜ਼ਰੀਆ ਲੋਕ-ਸੰਚਾਰ ਹੀ ਹੈ, ਨਾ ਕਿ ਨਿੱਜੀ ਤਜ਼ਰਬਾ। ਇਸੇ ਲਈ ਸਮਾਜਵਿਗਿਆਨੀ ਕਹਿੰਦੇ ਹਨ ਕਿ ਲੋਕ-ਸੰਚਾਰ, ਸਮਾਜੀਕਰਣ ਦਾ ਇਕ ਸ਼ਕਤੀਸ਼ਾਲੀ ਮਾਧਿਅਮ ਜਾਂ ਜ਼ਰੀਆ ਹੈ। ਅਸਲ ਵਿਚ ਸਾਡੀ ਜਨਸੰਖਿਆ ਦਾ ਵੱਡਾ ਹਿੱਸਾ ਨੌਜਵਾਨਾਂ ਦਾ ਹੈ। ਨੌਜਵਾਨ ਆਪਣੇ ਆਪ ਤੋਂ ਬਹੁਤ ਚੇਤੰਨ ਹੁੰਦੇ ਹਨ, ਜਿਸ ਕਰਕੇ ਉਹ ਉਤਪਾਦਕਾਂ ਅਤੇ ਵਿਗਿਆਪਕਾਂ ਦੁਆਰਾ ਵਧੇਰੇ ਨਿਸ਼ਾਨਾ ਬਣਾਏ ਜਾਂਦੇ ਹਨ। ਇਸਦਾ ਪ੍ਰਭਾਵ ਚੰਗਾ ਵੀ ਹੋ ਸਕਦਾ ਹੈ ਅਤੇ ਮਾੜਾ ਵੀ, ਕਿਉਂਕਿ ਇਹ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਮੀਡੀਆ ਦੁਆਰਾ ਦਿੱਤੇ ਉਤਪਾਦਨਾਂ ਸਬੰਧੀ ਨੌਜਵਾਨਾਂ ਦੀ ਚੋਣ ਕੈਸੀ ਹੈ। ਸਾਰੇ ਜਨਤਕ ਮਾਧਿਅਮ ਹੀ ਮਾੜੇ ਨਹੀ ਹੁੰਦੇ, ਕੁਝ ਮਾਧਿਅਮ ਹਾਂ-ਪੱਖੀ ਰੋਲ ਵੀ ਅਦਾ ਕਰਦੇ ਹਨ। ਐਪਰ, ਨਾਂਹ -ਪੱਖੀ ਰੋਲ ਅਦਾ ਕਰਨ ਵਾਲੇ ਮਾਧਿਅਮ ਨੂੰ ਬਦਲਣ ਦੀ ਲੋੜ ਹੈ। ਨੌਜਵਾਨਾਂ ਦੇ ਮਨਾਂ ਉੱਤੇ ਮੀਡੀਆ ਬੜਾ ਵੱਡਾ ਪ੍ਰਭਾਵ ਛੱਡਦਾ ਹੈ।

## 2.6 ਵਿਅਕਤਿੱਤਵ ਬਨਾਉਣ ਵਿਚ ਤਕਨਾਲੋਜੀ ਦਾ ਪ੍ਰਭਾਵ:

ਸਵੈ-ਵਿਅਕਤਿੱਤਵ ਦਾ ਅਰਥ ਹੈ, ਆਪਣੇ ਨਿੱਜ ਬਾਰੇ ਪੂਰੀ ਜਾਣਕਾਰੀ ਦਾ ਹੋਣਾ, ਜਿਸ ਵਿਚ ਸ਼ਖ਼ਸੀਅਤ, ਰੁਝਾਨ, ਸਮਰੱਥਾ, ਬੌਧਿਕਤਾ, ਸਰੀਰਕ ਗੁਣ,ਸ਼ੌਂਕ ਆਦਿ ਸ਼ਾਮਿਲ ਹੁੰਦੇ ਹਨ। ਸਵੈ-ਵਿਅਕਤਿੱਤਵ ਬਾਰੇ ਜਾਣਨ ਲਈ ਸਵੈ-ਗਿਆਨ ਦਾ ਹੋਣਾ ਜ਼ਰੂਰੀ ਹੈ। ਸਵੈ-ਗਿਆਨ ਦਾ ਮਤਲਬ ਹੈ ਕਿ ਸਾਨੂੰ ਆਪਣੇ ਵਿਚਾਰਾਂ, ਭਾਵਨਾਵਾਂ, ਅਤੇ ਵਿਵਹਾਰ ਦਾ ਗਿਆਨ ਹੋਵੇ। ਅਸੀਂ ਇਹ ਜਾਣਕਾਰੀ, ਜਿਥੇ ਅਸੀਂ ਵਿਚਰਦੇ ਹਾਂ ਉਥੋਂ ਵੀ ਗ੍ਰਹਿਣ ਕਰ ਸਕਦੇ ਹਾਂ।ਬਾਹਰੋਂ ਮਿਲੀ ਜਾਣਕਾਰੀ ਨਾਲ ਸਾਡੀ ਸ਼ਖ਼ਸੀਅਤ ਵਿਚ ਨਿਖਾਰ ਤੇ ਬਦਲਾਉ ਆਉਂਦਾ ਹੈ। ਅਸੀਂ ਸਾਰੇ ਸਮਾਜਿਕ ਪ੍ਰਾਣੀ ਹਾਂ ਇਸੇ ਕਰਕੇ ਅਸੀਂ ਜਿੱਥੇ ਰਹਿੰਦੇ ਹਾਂ ਉੱਥੋਂ ਦੇ ਸਮਾਜਿਕ ਅਤੇ ਸਭਿਆਚਾਰਕ, ਮਾਹੌਲ ਦਾ ਪ੍ਰਭਾਵ ਜ਼ਰੂਰ ਪੈਂਦਾ ਹੈ ਅਤੇ ਸਾਡੀ ਸਵੈ-ਸ਼ਖ਼ਸੀਅਤ ਦੇ ਵਿਕਾਸ ਵਿਚ ਇਹ ਅਹਿਮ ਰੋਲ ਅਦਾ ਕਰਦਾ ਹੈ।

ਪਿਛਲੇ ਇਕ ਦਹਾਕੇ ਤੋਂ ਇੰਟਰਨੈੱਟ ਅਤੇ ਸਮਾਜਿਕ ਮੀਡੀਆ ਦੇ ਦੌਰ ਕਾਰਣ, ਸਾਡੀ ਸਮਾਜਿਕ ਜ਼ਿੰਦਗੀ ਵਿਚ ਕਾਫੀ ਵਿਸਤਾਰ ਆਇਆ ਹੈ। ਇਹ ਬਦਲਾਉ ਤੇ ਵਿਸਤਾਰ ਸਾਡੇ ਪਰਿਵਾਰ, ਦੋਸਤਾਂ, ਗੁਆਂਢੀਆਂ, ਸਕੂਲਾਂ ਅਤੇ ਹਰ ਪ੍ਰਕਾਰ ਦੇ ਲੋਕਾਂ ਵਿਚ ਦੇਖਿਆ ਜਾ ਸਕਦਾ ਹੈ। ਇਨ੍ਹਾਂ ਸਮਾਜਿਕ ਪ੍ਰਭਾਵਾਂ ਦਾ ਅਰਥ ਹੈ ਕਿ ਬਾਹਰੀ ਤਾਕਤਾਂ, ਸਾਡੇ ਵਿਅਕਤਿੱਤਵ ਨੂੰ ਵਿਭਿੰਨ ਪ੍ਰਕਾਰ ਨਾਲ ਘੜਨ ਵਿਚ ਸਹਾਈ ਹੋ ਰਹੀਆਂ ਹਨ, ਜਿਨ੍ਹਾਂ ਬਾਰੇ ਕਈ ਲੋਕਾਂ ਨੂੰ ਗਿਆਨ ਹੀ ਨਹੀਂ ਹੁੰਦਾ।

ਪੁਰਾਣੇ ਵੱਕਤਾਂ ਵਿਚ ਸਾਡੇ ਸਵੈ-ਵਿਅਕਤਿੱਤਵ ਨੂੰ ਨਿਖਾਰਨ ਵਾਲੀਆਂ ਸਮਾਜਿਕ ਤਾਕਤਾਂ ਇਹ ਹੁੰਦੀਆਂ ਸਨ; ਮਾਪੇ, ਅਧਿਆਪਕ,ਭਾਈਚਾਰਾ, ਅਤੇ ਮੀਡੀਆ, ਜੋ ਕਿ ਸਾਡੀ ਸ਼ਖ਼ਸੀਅਤ ਨੂੰ ਘੜਨ ਸੰਬੰਧੀ ਚੰਗੇ ਸੁਨੇਹੇ ਦਿੰਦਾ ਸੀ। ਇਹ ਤਾਕਤਾਂ ਇਕ ਦਰਪਨ ਦਾ ਕਾਰਜ ਕਰਦੀਆਂ ਸਨ ਜਿਸ ਵਿਚੋਂ ਅਸੀਂ ਆਪਣਾ ਅਕਸ ਦੇਖ ਸਕਦੇ ਸਾਂ, ਇਹ ਇਕ ਪ੍ਰਕਾਰ ਦਾ ਆਤਮ-ਸੁਝਾਉ ਹੀ ਹੁੰਦਾ ਸੀ। ਲੇਕਿਨ ਹੁਣ ਪੈਂਡੂਲਮ ਬਿਲਕੁਲ ਦੂਸਰੇ ਸਿਰੇ ਤੇ ਲਗ ਗਿਆ ਹੈ, ਜਿਥੇ ਕੇਵਲ ਲਾਭ ਅਤੇ ਮੁਨਾਫੇ ਦੇ ਮਨੋਰਥ ਦੀ ਗੱਲ ਹੁੰਦੀ ਹੈ, ਤਕਨਾਲੋਜੀ ਦੇ ਯੁੱਗ ਕਾਰਣ ਸਮਾਜ ਅੰਦਰ ਚੰਗੇ ਪ੍ਰਭਾਵ ਗਾਇਬ ਹੀ ਹੋ ਗਏ ਹਨ। ਇਸ ਪੀੜ੍ਹੀ ਦਾ ਸਵੈ-ਵਿਅਕਤਿੱਤਵ ਸਸਤੇ ਤੇ ਪ੍ਰਚਲਿਤ ਸਭਿਆਚਾਰ ਅਤੇ ਮੀਡੀਆ ਵਿਚ ਡੂੰਘੀ ਤਰ੍ਹਾਂ ਧੱਸ ਚੁੱਕਿਆ ਹੈ, ਜੋ ਕਿ ਬਾਹਰੀ ਰੂਪ ਵਿਚ ਦੋ ਪ੍ਰਕਾਰ ਨਾਲ ਪ੍ਰਭਾਵਿਤ ਕਰਦਾ ਹੈ: ਪਹਿਲਾ ਰੂਪ ਹੈ ਸੱਸਤਾ ਸਭਿਆਚਾਰ ਅਤੇ ਨਵੀਨ ਮੀਡੀਆ, ਜੋ ਕਿ ਸਾਡੀ ਸ਼ਖ਼ਸੀਅਤ ਨੂੰ ਨਿਖਾਰਨ ਅਤੇ ਸੰਵਾਰਨ ਦਾ ਦਰਪਨ ਨਹੀਂ ਰਿਹਾ, ਨਾ ਹੀ ਇਹ ਉਸਨੂੰ ਸੁਧਾਰਨ ਵਿਚ ਸਹਾਈ ਹੋ ਰਿਹਾ

ਹੈ। ਸਮੱਸਿਆ ਇਹ ਹੇ ਕਿ ਮੀਡੀਆ ਦੁਆਰਾ ਸਾਡੀ ਸ਼ਖ਼ਸੀਅਤ ਨੂੰ ਉਵੇਂ ਬਣਾਇਆ ਤੇ ਘੜਿਆ ਜਾਂਦਾ ਹੈ, ਜਿਸ ਵਿਚ ਉਸਦਾ ਲਾਭ ਹੁੰਦਾ ਹੈ, ਬਜਾਏ ਕਿ ਜੋ ਸਾਡੇ ਲਈ ਲਾਭਕਾਰੀ ਹੈ। ਸਵੈ-ਸ਼ਖ਼ਸੀਅਤ ਉਹ ਨਹੀਂ ਰਹਿੰਦੀ, ਜੋ ਕਿ ਸਾਡੇ ਨਿੱਜ ਵਿਚੋਂ ਨਿਕਲੀ ਹੁੰਦੀ ਹੈ, ਬਲਕਿ ਉਹ ਤਾਂ ਮੀਡੀਆ ਦੁਆਰਾ ਸਾਡੇ ਤੇ ਥੋਪੀ ਜਾਂਦੀ ਹੈ। ਇਸ ਕਰਕੇ ਜੋ ਅਸੀਂ ਅਸਲ ਵਿਚ ਹੁੰਦੇ ਹਾਂ, ਉਸਦਾ ਉਹ ਸਹੀ ਅਕਸ ਨਹੀਂ ਹੁੰਦਾ। ਦੂਸਰੀ ਗੱਲ ਇਹ ਹੈ ਕਿ ਸਮਾਜਿਕ ਮੀਡੀਆ ਨੇ ਸਾਨੂੰ ਆਪਣੀ ਸਵੈ-ਸ਼ਖ਼ਸੀਅਤ ਨੂੰ ਪ੍ਰਗਟਾਉਣ ਤੋਂ ਹਟਾ ਕੇ ਸਾਨੂੰ ਇਨ੍ਹਾਂ ਸਵਾਲਾਂ ਵਲ ਮੋੜ ਦਿੱਤਾ ਹੈ, ਮਸਲਨ ਲੋਕ ਮੇਰੇ ਵੱਲ ਕਿਵੇਂ ਦੇਖਣਗੇ? ਕਿਵੇਂ ਕੋਸ਼ਿਸ਼ ਕੀਤੀ ਜਾਵੇ ਕਿ ਕਿ ਲੋਕ ਮੇਰੇ ਵਲ ਚੰਗੀ ਤਰ੍ਹਾਂ ਦੇਖਣ? ਅਸੀਂ ਆਪਣੇ ਵਿਅਕਤਿੱਤਵ ਨੂੰ ਲੋਕਾਂ ਦੇ ਮੁਤਾਬਿਕ ਬਨਾਉਣ ਦੀ ਕੋਸ਼ਿਸ਼ ਵਿਚ ਲਗ ਗਏ ਹੋਏ ਹਾਂ ਅਤੇ ਆਪਣੇ ਅਸਲੀ ਨਿੱਜ ਨੂੰ ਭੁੱਲ ਹੀ ਗਏ ਹਾਂ। ਇਸੇ ਲਈ ਅਸੀਂ ਮਜਬੂਰ ਹੋ ਕੇ ਸਮਾਜਿਕ ਮੀਡੀਆ ਦੇ ਰਾਹੀਂ ਆਪਣੇ ਵਿਅਕਤਿੱਤਵ ਦਾ ਪ੍ਰਚਾਰ ਦੇ ਪ੍ਰਸਾਰ ਕਰਨ ਵਿੱਚ ਲਗ ਗਏ ਹਾਂ। ਅਸੀਂ ਨਾ ਚਾਹੁੰਦੇ ਹੋਏ ਵੀ ਆਪਣੀ ਅਸਲ ਸ਼ਖ਼ਸੀਅਤ ਨੂੰ ਮਾਰ ਦਿੱਤਾ ਹੈ ਅਤੇ ਉਸਨੂੰ ਉਹੋ ਜਿਹਾ ਬਣਾ ਲਿਆ ਹੈ, ਜਿਹੋ ਜਿਹਾ ਡਿਜਿਟਲ ਦੀ ਦੁਨੀਆ ਲੋਚਦੀ ਹੈ।

**2.7 ਤਜਵੀਜ਼ਤ ਪ੍ਰਸ਼ਨ**

**ਪ੍ਰਸ਼ਨ 1. ਇਹ ਦਰਸਾਉ ਕਿ ਪਰਿਵਾਰ ਤੋਂ ਮਗਰੋਂ ,ਵਿਦਿਅਕ ਅਦਾਰੇ ਸਮਾਜੀਕਰਣ ਦੀ ਕਿੰਨੀ ਵੱਡੀ ਭੂਮਿਕਾ ਨਿਭਾਉਂਦੇ ਹਨ।**

**ਪ੍ਰਸ਼ਨ 2. ਨੌਜਵਾਨਾਂ ਦੀ ਜ਼ਿੰਦਗੀ ਵਿਚ ਉਨ੍ਹਾਂ ਦੇ ਦੋਸਤ-ਮਿੱਤਰ ਕੀ ਅਹਿਮ ਭੂਮਿਕਾ ਨਿਭਾਉਂਦੇ ਹਨ।**

**ਪ੍ਰਸ਼ਨ 3. ਨੌਜਵਾਨਾਂ ਦੀ ਜ਼ਿੰਦਗੀ ‘ਤੇ ਲੋਕ-ਸੰਚਾਰ ਕਿੰਨਾ ਕੁ ਪ੍ਰਭਾਵ ਪਾਉਂਦਾ ਹੈ।**

**ਪ੍ਰਸ਼ਨ 4. ਇਹ ਦਰਸਾਉ ਕਿ ਤਕਨਾਲੋਜੀ ਰਾਹੀਂ ਸਾਡੀ ਸਵੈ-ਸ਼ਖ਼ਸੀਅਤ ਆਂਤਰਿਕ ਤੋਂ ਬਾਹਰੀ ਵਿਕਾਸ ਵੱਲ ਕਿਵੇਂ ਮੁੜ ਜਾਂਦੀ ਹੈ?**

**2.8 ਤਜਵੀਜ਼ਤ ਪਾਠ-ਸਮੱਗਰੀ**

i. https://learning.uonbi.ac.ke/..../Agents_of_sociolization/THE_ROLE_
ii. Study.com/academy/…./agents-of-socialization-family-schools
iii. https://www.boundless.com/.../socialization/agents of socialization
iv. https://en.wikipedia.org/wiki/Peer-group
v. www.acrwebsite.org/volumes/1149/volumes/ap03/AP-O3
vi. https://www.cliffsnotes .com/study….mass-media/the role-and-influence-of-mass media

**ਪਾਠ ਨੰ: 1.3** **ਲੇਖਕ: ਡਾ. ਰੇਖਾ**

## ਵਿਅਕਤੀ ਅਤੇ ਪਛਾਣ ਦਾ ਉਥਾਨ: ਵਿਅਕਤੀ ਅਤੇ ਪਛਾਣ ਦੇ ਨਿਰਮਾਣ ਦਾ ਸਕੰਲਪ, ਲੋੜ ਅਤੇ ਨਿਰਧਾਰਕ

**ਪਾਠ ਦੀ ਬਣਤਰ:**

3.1 ਉਦੇਸ਼
3.2 ਭੂਮਿਕਾ
3.3 ਵਿਅਕਤੀ ਦੇ ਸੰਕਲਪ ਦੇ ਉਥਾਨ
3.4 ਪਛਾਣ ਦਾ ਸੰਕਲਪ ਅਤੇ ਉਥਾਨ
3.5 ਪਛਾਣ ਦੀਆਂ ਵਿਸ਼ੇਸ਼ਤਾਵਾਂ
3.6 ਸਫਲ ਪਛਾਣ ਬਣਾਉਣ ਦੀ ਲੋੜ
3.7 ਸਫਲ ਪਛਾਣ ਦੇ ਨਿਰਧਾਰਕ ਤੱਤ
3.8 ਵਿਅਕਤੀ ਨਿਰਮਾਣ ਦੀ ਲੋੜ ਅਤੇ ਨਿਰਧਾਰਕ ਤੱਤ
3.9 ਸਿੱਟਾ
3.10 ਸੁਝਾਏ ਪ੍ਰਸ਼ਨ
3.11 **ਤਜਵੀਜ਼ਤ ਪਾਠ ਸਮੱਗਰੀ**

### 3.1 ਉਦੇਸ਼ :

ਇਹ ਪਾਠ ਪੜ੍ਹਨ ਤੋਂ ਬਾਅਦ ਵਿਦਿਆਰਥੀ ਇਹ ਸਮਝਣ ਯੋਗ ਹੋ ਜਾਵੇਗਾ ਕਿ :
1.ਪਛਾਣ ਅਤੇ ਵਿਅਕਤੀ ਤੋਂ ਕੀ ਭਾਵ ਹੈ ।
2.ਪਛਾਣ ਨਿਰਮਾਣ ਕਿਹੜੇ ਤੱਤਾਂ ਤੇ ਨਿਰਭਰ ਕਰਦਾ ਹੈ ।.
3.ਪਛਾਣ ਨਿਰਮਾਣ ਦੀ ਲੋੜ ਕਿਉਂ ਹੈ ।
4.ਪਛਾਣ ਦੀਆਂ ਵਿਸ਼ੇਸ਼ਤਾਵਾਂ ਕਿਹੜੀਆਂ ਹਨ ।
5.ਵਿਅਕਤੀ ਨਿਰਮਾਣ ਦੀ ਲੋੜ ਕਿਉਂ ਹੈ ।
6.ਵਿਅਕਤੀ ਨਿਰਮਾਣ ਦੇ ਨਿਰਧਾਰਕ ਤੱਤ ਕਿਹੜੇ ਹਨ ।

### 3.2 ਭੂਮਿਕਾ :

ਇਕ ਵਿਅਕਤੀ ਜੀਵਨ ਦੇ ਇਕ ਪੜਾਅ ਤੋਂ ਅਗਲੇ ਪੜਾਅ ਤੱਕ ਭਾਵੇਂ ਉਹੀ ਵਿਅਕਤੀ ਰਹਿੰਦਾ ਹੈ ਪਰ ਉਹ ਕਦੇ ਵੀ ਸਮਾਨ ਵਿਸ਼ੇਸ਼ਤਾਵਾਂ ਨਹੀਂ ਰੱਖਦਾ । ਉਹ ਸਰੀਰਕ ਰੂਪ ਵਿਚ ਲਗਾਤਾਰ ਨਵੇਂ ਵਿਅਕਤੀ ਵਜੋਂ ਵਿਕਸਤ ਨਹੀ ਹੀ ਰਿਹਾ ਹੁੰਦਾ, ਸਗੋਂ ਉਸ ਅੰਦਰਲੇ ਗੁਣ, ਆਦਤਾਂ, ਵਿਚਾਰਾਂ, ਇਛਾਵਾਂ, ਉਮੰਗਾਂ, ਗ਼ਮ, ਡਰ ਆਦਿ ਵਿਚੋਂ ਕੁਝ ਲੱਛਣ ਵਿਕਸਿਤ ਹੋ ਜਾਂਦੇ ਹਨ ਅਤੇ ਕੁਝ ਮਰ ਮੁੱਕ ਜਾਂਦੇ ਹਨ ।ਹਰੇਕ ਪ੍ਰਾਣੀ ਜੀਵਨ ਵਿਚਲੇ ਵਿਭਿੰਨ ਪੱਖਾਂ ਬਾਰੇ ਜਿਵੇਂ ਬੌਧਿਕ, ਸਮਾਜਿਕ, ਸੱਭਿਅਕ, ਸਰੀਰਕ, ਨੈਤਿਕ, ਅਧਿਆਤਮਕ, ਅਤੇ ਧਾਰਮਿਕ ਤੌਰ ਤੇ ਵੱਧਦਾ - ਫੁੱਲਦਾ, ਬਦਲਦਾ ਅਤੇ ਵਿਕਸਿਤ ਹੁੰਦਾ ਹੈ । ਇਸ ਅਧਿਆਇ ਵਿਚ ਅਸੀਂ ਵਿਅਕਤੀ ਅਤੇ ਉਸਦੀ ਪਛਾਣ ਦੇ ਮਹੱਤਵਪੂਰਨ ਸੰਕਲਪਾਂ ਬਾਰੇ ਚਰਚਾ ਕਰ ਰਹੇ ਹਾਂ ।

### 3.3 ਵਿਅਕਤੀ ਦੇ ਸਕੰਲਪ ਦਾ ਉਥਾਨ :

**ਵਿਅਕਤੀ** ਦਾ ਸੰਕਲਪ ਯੂਨਾਨੀ ਰੰਗਮਚ ਵਿਚ ਵਰਤੇ ਜਾਂਦੇ ਸ਼ਬਦ **Prospon** ਤੋਂ ਵਿਕਸਿਤ ਹੋਇਆ ਹੈ। ਪੁਰਾਤਨ ਰੋਮ ਵਿਚ ਪ੍ਰਚਲਿਤ ਰਿਹਾ ਲਾਤੀਨੀ ਭਾਸ਼ਾ ਦਾ ਸ਼ਬਦ **Person** ਜਾਂ ਯੂਨਾਨੀ ਭਾਸ਼ਾ ਦਾ ਸ਼ਬਦ **Prospon** ਮੁੱਖ ਰੂਪ ਵਿਚ ਇਕ ਅਦਾਕਾਰ ਦੁਆਰਾ ਸਟੇਜ ਉਪਰ ਪਾਏ ਹੋਏ ਮਖੌਟੇ ਨੂੰ ਦਰਸਾਉਂਦੇ ਹਨ । ਵਿਭਿੰਨ ਤਰ੍ਹਾਂ ਦੇ ਮਖੋਟੇ ਸਟੇਜ ਨਾਟਕਾਂ ਵਿਚ ਵਿਭਿੰਨ ਅਦਾਕਾਰਾਂ ਨੂੰ ਪ੍ਰਦਰਸ਼ਿਤ ਕਰਦੇ ਸਨ ।

ਵਿਅਕਤੀ ਸਬੰਧੀ ਸੰਕਲਪ ਨੂੰ ਅਗਾਂਹ ਜਾ ਕੇ ਸ਼ਬਦ ਦੀ ਪ੍ਰਕਿਰਤੀ ਦੇ ਉਲਟ ਈਸਾਈ ਮੱਤ ਦੇ ਤ੍ਰੈਰੂਪੀ ਈਸ਼ਰਵਾਦੀ ਸੰਕਲਪ ਅਤੇ ਫਿਰ ਚੌਥੀ ਤੇ ਪੰਜਵੀਂ ਸਦੀ ਵਿਚ ਤੇ ਈਸਾਈਅਤ (ਜਿਨ੍ਹਾਂ ਨੇ ਪ੍ਰਕਿਰਤੀ ਅਤੇ ਮਨੁੱਖ ਨੂੰ ਈਸਾ ਨਾਲ ਜੋੜ ਕੇ ਈਸਾਈ ਧਰਮ ਦਾ ਅਧਿਐਨ ਕੀਤਾ) ਸੰਬੰਧੀ ਬਹਿਸਾਂ ਨੇ ਛੋਹਿਆ। ਸਵੈ-ਚੇਤਨਾ ਵਾਲੇ ਭਾਵਨਾਵਾਂ ਨੂੰ ਸਮਝਣ ਵਾਲੇ ਤਰਕ ਕਰਨ ਅਤੇ ਸਮਝਣ ਵਾਲਾ, ਭਵਿਖ ਦੀ ਯੋਜਨਾ ਬਣਾ ਸਕਣ ਵਾਲੇ , ਪ੍ਰਤੀਕਿਰਿਆਵਾਂ ਦੇਣ ਵਾਲੇ ਅਤੇ ਸੁੱਖ ਦੁੱਖ ਨੂੰ ਮਹਿਸੂਸ ਕਰ ਸਕਣ ਵਿਅਕਤੀ ਕਹੇ ਜਾਂਦੇ ਹਨ।

ਦਰਸ਼ਨ੍ ਸ਼ਾਸ਼ਤਰ ਵਿਚ, ਵਿਅਕਤੀ ਸ਼ਬਦ ਕਈ ਧਾਰਨਾਵਾਂ ਨੂੰ ਦਰਸਾਉਦਾ ਹੈ। **Descartes** ਤੋ **Locke** ਅਤ **Hume** ਤੱਕ ਦੀ ਪ੍ਰਕਿਰਤੀਵਾਦੀ ਗਿਆਨ ਮੀਮਾਂਸਾ ਪਰੰਪਰਾ ਅਨੁਸਾਰ, ਇਸ ਧਾਰਨਾ ਅਧੀਨ ਉਹੀ ਵਿਅਕਤੀ ਹੈ ਜੋ;

1.ਸਮੇਂ-ਸਮੇਂ ਤੇ ਨਿਰੰਤਰ ਚਿੰਤਨਸ਼ੀਲ ਹੋਵੇ ਅਤੇ

2.ਸੰਸਾਰ ਸਬੰਧੀ ਪ੍ਰਤੀਨਿਧਤਾ ਬਣਾਉਣ ਦੇ ਯੋਗ ਹੋਵੇ, ਯੋਜਨਾਵਾਂ ਬਣਾਵੇ ਅਤੇ ਉਹਨਾਂ ਉਪਰ ਪ੍ਰਤੀਕਿਰਿਆਂ ਦੇਵੇ।

ਇਸ ਸਮੇ ਸੰਸਾਰ ਤੱਕ ਵਿਅਕਤੀ ਨੂੰ ਪਰਿਭਾਸ਼ਿਤ ਕਰਨ ਲਈ ਬਹੁਤ ਸਾਰੀਆਂ ਵਿਆਖਿਆਵਾਂ ਹੋਂਦ ਵਿਚ ਆਈਆਂ ਅਤੇ ਕਈ ਪ੍ਰਭਾਵਾਂ ਅਧੀਨ ਇਸ ਧਾਰਨਾ ਨੂੰ ਪੁਨਰ ਪਰਿਭਾਸ਼ਿਤ ਕਰਨ ਦੇ ਯਤਨ ਹੋਏ ।

**ਬੋਥਿਅਸ** ਨੇ ਇਕ ਵਿਅਕਤੀ ਨੂੰ ਇਕ ਤਰਕ ਦੇ ਸੁਭਾਅ ਵਾਲਾ ਵਿਅਕਤੀਗਤ ਜੀਵ ਕਿਹਾ ।

**ਪੀਟਰ ਸਿੰਗਰ** ਨੇ ਇੱਕ ਮਨੁੱਖ ਨੂੰ ਚੇਤੰਨ, ਵਿਚਾਰਸ਼ੀਲ, ਪ੍ਰਾਣੀ ਕਿਹਾ ਜੋ ਕਿ ਆਪਣੀ ਸਵੈ ਚੇਤੰਨਾ ਅਨੁਸਾਰ ਆਪਣੇ ਆਪ ਨੂੰ ਵਿਅਕਤੀ ਮੰਨਦਾ ਹੈ ।

**ਹੈਰੀ ਜੀ ਫਰੈਂਕਫਰਟ** ਅਨੁਸਾਰ, ਇੱਕ ਵਿਅਕਤੀ ਨੂੰ ਬਣਾਉਣ ਵਾਲੇ ਕਾਰਕਾਂ ਵਿਚ ਉਸ ਦਾ ਸਮਾਜ ਵਿਚ ਮਾਨਵੀ ਹੋਣਾ ਤੇ ਜ਼ਿੰਦਗੀ ਦੀਆ ਸਮੱਸਿਆਵਾਂ ਵਾਲੇ ਮੁੱਦਿਆਂ ਬਾਰੇ ਸੋਚਣਾ ਮੁੱਖ ਵਿਸ਼ੇ ਹਨ।

**ਥਾਮਸ ਆਈ.ਵਾਈਟ** ਨੇ ਮਨੁੱਖ ਨੂੰ ਵਿਅਕਤੀ ਬਣਾਉਣ ਲਈ ਉਸ ਦਾ ਸੰਜੀਵ ਹੋਣਾ,ਚੇਤੰਨ ਹੋਣਾ, ਸਕਾਰਾਤਮਕ ਤੇ ਨਕਾਰਾਤਮਕ ਭਾਵਨਾਵਾਂ ਬਾਰੇ ਮਹਿਸੂਸ ਕਰਨ ਵਾਲਾ, ਭਾਵਨਾਸ਼ੀਲ ਹੋਣਾ, ਸਵੈ ਦੀ ਸਮਝ ਵਾਲਾ ਸਵੈ ਵਿਵਹਾਰ ਉਪਰ ਕਾਬੂ ਰੱਖਣ ਵਾਲਾ, ਦੂਜਿਆ ਨੂੰ ਠੀਕ ਤਰ੍ਹਾਂ ਸਮਝਣ ਵਾਲਾ, ਤੇ ਚੰਗਾ ਵਿਵਹਾਰ ਕਰਨ ਵਾਲਾ ਅਤੇ ਸੂਖਮ ਬੋਧ ਦੀਆ ਯੋਗਤਾਵਾਂ ਰੱਖਣ ਵਾਲਾ ਹੋਣਾ ਚਾਹੀਦਾ ਹੈ।

**ਮਨੋਵਿਗਿਆਨ** ਵਿਚ ਇਕ ਵਿਅਕਤੀ ਉਸ ਨੂੰ ਸਮਝਿਆ ਜਾਂਦਾ ਹੈ ਜਿਸ ਵਿਚ ਬੋਧਿਕ ਅਤੇ ਸਰੀਰਕ ਦੋਵੇਂ ਤਰ੍ਹਾਂ ਦੀਆ ਵਿਸ਼ੇਸ਼ਤਾਵਾਂ ਹੋਣ ਜਿਵੇਂ, ਉਸ ਅੰਦਰ ਬੋਧਿਕ ਤੇ ਸਰੀਰਕ ਦੋਵੇਂ ਤੱਤ ਹੋਣ, ਉਹ ਤਰਕ ਵਾਲਾ ਹੋਵੇ, ਸਵੈਚੇਤੰਨਾ ਭਰਪੂਰ ਹੋਵੇ, ਸਵੈ ਅਤੇ ਦੂਸਰਿਆ ਦੀਆ ਭਾਵਨਾਵਾਂ, ਕਿਰਿਆਵਾਂ ਤੇ ਹਰਕਤਾਂ ਦੀ ਪ੍ਰਤੀਕਿਰਿਆ ਲੈਣ ਜਾਂ ਦੇਣ ਵਾਲਾ ਹੋਵੇ, ਸਵੈ ਤੌਰ ਤੇ ਜ਼ਿੰਮੇਵਾਰ ਜਵਾਬਦੇਹ ਹੋਵੇ, ਅਤੇ ਖੁਦਮੁਖਤਿਆਰੀ ਦੇ ਗੁਣਾਂ ਦੀ ਉੱਚਤਤਾ ਰੱਖਦਾ ਹੋਵੇ ,ਵਿਭਿੰਨ ਤਰ੍ਹਾਂ ਦੇ ਵਿਸ਼ਵਾਸ ਵਿਚ ਵਿਸ਼ਵਾਸ ਰੱਖਣ ਵਾਲਾ ,ਸਵੈ ਦੀ ਸਮਝ ਰਾਹੀ ਹੋਰਾਂ ਨਾਲ ਵੀ ਸਬੰਧਾ ਵਿਚ ਪ੍ਰਗਟਾਵਾਂ, ਭਾਸ਼ਾ ਦੀ ਸਹੀ ਵਰਤੋ ਕਰਨ ਵਾਲਾ ਅਤੇ ਸਿਰਜਨਾਤਮਕ ਖੁਦਮੁਖਤਿਆਰ ਅਤੇ ਵਿਅਕਤੀਗਤਤਾ ਰੱਖਦਾ ਹੋਵੇ ।

ਇਕ ਵਿਅਕਤੀ ਕੇਵਲ ਕਿਰਿਆਸ਼ੀਲ ਕਾਰਨ ਹੀ ਹੋਂਦ ਗ੍ਰਹਿਣ ਨਹੀ ਕਰਦਾ , ਸਗੋਂ ਉਹ ਅਜਿਹੀ ਪਛਾਣ ਹੁੰਦਾ ਹੈ ਜੋ ਉਨਾਂ ਕਿਰਿਆਵਾਂ ਵਾਲੀ ਕੁਦਰਤੀ ਜੱਦੀ -ਪੁਸ਼ਤੀ ਯੋਗਤਾ ਰੱਖਦਾ ਹੈ ਜਿਹੜੀਆਂ ਪਹਿਲਾਂ ਕਦ ਚਾਹੇ

ਪ੍ਰਾਪਤ ਵੀ ਕੀਤੀਆਂ ਨਾ ਗਈਆਂ ਹੋਣ । ਚਾਹੇ ਕੋਈ ਵਿਅਕਤੀ ਕਿਸੇ ਕਮਜ਼ੋਰੀ ਕਾਰਨ ਤਰਕ ਸੰਗਤ ਸੋਚਣੀ ਘੱਟ ਵੀ ਰੱਖਦਾ ਹੋਵੇ , ਉਹ ਵੀ ਆਪਣੇ ਸੁਭਾਅ ਕਾਰਨ ਵਿਅਕਤੀ ਹੀ ਹੁੰਦਾ ਹੈ ।

ਵਿਅਕਤੀ ਹੋਣਾ ਜੀਵ ਦੀ ਮੁੱਢਲੀ ਦਾਰਸ਼ਨਿਕ ਅਤੇ ਸਮਾਜ ਵਿਗਿਆਨਕ ਸਥਿਤੀ ਹੁੰਦੀ ਹੈ । ਇਸੇ ਕਾਰਨ ਹੀ ਤਾਂ ਮਨੁੱਖ ਨੂੰ ਮਾਨਵੀ ਕਿਹਾ ਜਾਂਦਾ ਹੈ ਤੇ ਇਸੇ ਅਧਾਰ ਤੇ ਉਸ ਦੀ ਮਨੁਖੀ ਜੀਵਨ ਵਿਚ ਸ਼ੁਰੂਆਤ ਹੁੰਦੀ ਹੈ ।

### 3.4ਪਛਾਣ ਦਾ ਸੰਕਲਪ ਅਤੇ ਉਥਾਨ :

#### ਪਛਾਣ ਦਾ ਸੰਕਲਪ :

ਪਛਾਣ (**Identity**) ਸ਼ਬਦ ਫਰੈਂਚ ਭਾਸ਼ਾ ਦੇ ਸ਼ਬਦ **Identite** ਤੋ ਲਿਆ ਗਿਆ ਹੈ ਜਿਸਦਾ ਅਰਥ ਲਾਤੀਨੀ ਭਾਸ਼ਾ ਦੇ ਸ਼ਬਦ **Identitas** ਦੇ ਅਰਥ ਦਾ ਸਮਾਨਅਰਥੀ ਹੈ, ਜਿਸਦਾ ਅਰਥ ਹੈ ਵਾਰ–ਵਾਰ ਜਾਂ ਦੁਹਰਾਉ ।
ਪਛਾਣ ਨੂੰ ਆਮ ਤੋਰ ਤੇ ਨਿਮਨਲਿਖਤ ਵਿਭਿੰਨ ਤਰੀਕਿਆਂ ਨਾਲ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ :

- ਇਕ ਵਿਅਕਤੀ ਜਾਂ ਵਸਤੂ ਨੂੰ ਬਣਾਉਣ ਵਾਲੀ ਸਥਿਤੀ
- ਵਿਸ਼ੇਸ਼ਤਾਵਾਂ ਦਾ ਉਹ ਸਮੂਹ ਜਿਸ ਅਨੁਸਾਰ ਕੋਈ ਵਿਅਕਤੀ ਜਾ ਵਸਤੂ ਨਿਸ਼ਚਿਤ ਤੌਰ ਤੇ ਪਛਾਣਯੋਗ ਬਣਦੀ ਹੈ
- ਵਿਲੱਖਣ ਪਛਾਣ ਬਣਨ ਦੀ ਚੇਤਨਾ
- ਕਿਸੇ ਹੋਰ ਵਾਂਗ ਬਣਨ ਦੀ ਸਥਿਤੀ ਜਾਂ ਤੱਥ
- ਦ੍ਰਿੜ ਪਛਾਣ ਬਣਨ ਲਈ ਵਿਲੱਖਣਾ ਲਿਆਉਣਾ
- ਉਹਨਾਂ ਵਿਸ਼ੇਸ਼ਤਾਵਾਂ ਨੂੰ ਗ੍ਰਹਿਣ ਕਰਨਾ ਜੋ ਕਿਸੇ ਹੋਰ ਵਿਚ ਨਾ ਹੋਣ
- ਪਛਾਣ ਵਿਅਕਤੀ ਦੀ ਸਵੈ–ਪਰਿਭਾਸ਼ਾ ਹੈ ਜਿਹੜੀ ਉਸ ਦੀਆਂ ਵਿਸ਼ੇਸ਼ਤਾਵਾਂ ਉਪਰ ਕੇਂਦਰਿਤ ਹੁੰਦੀ ਹੈ।

ਪਛਾਣ ਨੂੰ ਪਰਿਭਾਸ਼ਿਤ ਕਰਨ ਵੇਲੇ ਇਸ ਨੂੰ ਸ਼ਖ਼ਸੀਅਤ ਦੇ ਅੰਗ ਵਜੋ ਵੇਖਿਆ ਗਿਆ ਹੈ ਜਿਸ ਵਿਚ ਮਨ ਤੇ ਤਨ ਦੋਵੇਂ ਸ਼ਾਮਿਲ ਹਨ । ਤਨ ਬਿਨਾਂ ਮਨ ਤੇ ਮਨ ਬਿਨਾਂ ਤਨ ਦਾ ਕੋਈ ਵਜੂਦ ਨਹੀ ਕਲਪਿਆ ਜਾ ਸਕਦਾ । ਸਵੈ ਦੀ ਧਾਰਨਾ ਵੀ ਸਵੈ ਪਛਾਣ ਦੀ ਸਮਾਨਅਰਥੀ ਹੈ । ਸਿੱਖਿਆਂ ਵਿਚ ਜਿਸ ਰੂਪ ਵਿਚ ਇਕ ਵਿਅਕਤੀ ਤੇ ਉਸਦੀ ਪਛਾਣ ਨੂੰ ਵੇਖਿਆ, ਸਮਝਿਆ ਤੇ ਮੁਲਾਂਕਿਤ ਕੀਤਾ ਜਾ ਸਕਦਾ ਹੈ ਉਸ ਰੂਪ ਵਿੱਚ ਵਿਸ਼ਵਾਸ ਤੇ ਰੁਝਾਨ ਆਦਿ ਵਿਸ਼ੇਸ਼ਤਾਵਾਂ ਸ਼ਾਮਿਲ ਹੁੰਦੀਆਂ ਹਨ ਜਿਨਾਂ ਦੁਆਰਾ ਪ੍ਰਾਣੀ ਇਕ ਮਨੁੱਖ ਬਣਦਾ ਹੈ ।

**ਮਨੋਵਿਗਿਆਨ** ਅਨੁਸਾਰ ਪਛਾਣ ਉਹ ਸਭ ਹੈ ਜਿਸ ਵਿਚ ਗੁਣ , ਵਿਸ਼ਵਾਸ , ਦਿੱਖ, ਹਾਵ੍ ਭਾਵ ਆਦਿ ਵਿਅਕਤੀਗਤ ਜਾਂ ਸਮੂਹ ਦੇ ਤੋਰ ਤੇ ਹੋਂਦ ਗ੍ਰਹਿਣ ਕਰਦੇ ਹਨ। ਪਛਾਣ ਦੀ ਪ੍ਰਕਿਰਿਆ ਸਿਰਜਨਾਤਮਕ ਵੀ ਹੋ ਸਕਦੀ ਹੈ ਤੇ ਵਿਨਾਸ਼ਕਾਰੀ ਵੀ । ਇਸ ਤਰ੍ਹਾਂ ਮਨੋਵਿਗਿਆਨਿਕ ਪਛਾਣ ਸਵੈ ਬਿੰਬ ਸਵੈ ਮਾਣ ਅਤੇ ਨਿੱਜਤਾ ਨਾਲ ਸਬੰਧਿਤ ਹੁੰਦੀ ਹੈ ।

**ਵੀਨਰੀਹ** (**Weinreich**) ਅਨੁਸਾਰ ਕਿਸੇ ਵਿਅਕਤੀ ਦੀ ਪਛਾਣ ਉਸਦੇ ਵੱਖ ਵੱਖ ਸ਼ਖ਼ਸ਼ੀਅਤ ਨਿਖੇੜਿਆਂ ਦਾ ਸਮੁੱਚ ਹੈ ਜਿਸ ਵਿਚ ਇਕ ਵਿਅਕਤੀ ਆਪਣੇ ਆਪ ਨੂੰ ਵਰਤਮਾਨ ਵਿਚ ਵੰਡਦਾ ਹੋਇਆ ਆਪਣੇ ਆਪ ਦਾ ਭੂਤਕਾਲ ਨਾਲ ਅਤੇ ਵਰਤਮਾਨ ਦੀਆਂ ਇਛਾਵਾਂ ਨਾਲ ਵੀ ਸੰਬੰਧ ਜੋੜਦਾ ਹੈ ।

**ਪਾਲਮਰ** (**Palmer**) ਦੇ ਅਨੁਸਾਰ ਪਛਾਣ ਸਭਨਾਂ ਚੀਜ਼ਾਂ ਤੋ ਬਣੀ ਹੋਈ ਹੈ ਜਿਸ ਵਿਚ ਜੀਵ ਵਿਗਿਆਨ, ਸੱਭਿਆਚਾਰ, ਸਾਡੇ ਮਿੱਤਰ ਪਿਆਰੇ ਜਿਨ੍ਹਾਂ ਦੀ ਅਸੀਂ ਦੇਖਭਾਲ ਕਰਦੇ ਹਾਂ, ਜਿਨ੍ਹਾਂ ਨੇ ਸਾਨੂੰ ਨੁਕਸਾਨ ਪਹੁੰਚਾਇਆ ਹੈ, ਤੇ ਜਿਨ੍ਹਾਂ ਦਾ ਅਸੀਂ ਨੁਕਸਾਨ ਕੀਤਾ, ਚੰਗੇ ਤੇ ਮਾੜੇ ਕੀਤੇ ਕੰਮ ਸਾਡੇ ਅਨੁਭਵ ਅਤੇ ਚੋਣ ਆਦਿ ਸਭ ਸ਼ਾਮਿਲ ਹਨ ।

**ਬੌਧਿਕ ਮਨੋਵਿਗਿਆਨ** ਅਨੁਸਾਰ ਪਛਾਣ ਪਦ ਸਵੈ–ਬੋਧ ਅਤੇ ਸਵੈ–ਚੇਤਨਾ ਦੀ ਯੋਗਤਾ ਨੂੰ ਦਰਸਾਉਂਦਾ ਹੈ ।

**ਸਮਾਜ ਵਿਗਿਆਨੀ** ਸਮਾਜਿਕ ਪਛਾਣ ਜਾਂ ਵਿਅਕਤੀ ਨੂੰ ਦਰਸਾਉਣ ਵਾਲੇ ਸਮੂਹਾਂ ਲਈ ਪਛਾਣ ਪਦ ਦੀ ਵਰਤੋ ਕਰਦੇ ਹਨ । ਜਿਵੇਂ ਪਛਾਣ ਅਜਿਹਾ ਲੱਛਣ ਤੇ ਵਿਸ਼ੇਸ਼ਤਾ ਹੈ ਜਿਸ ਵਿਚ ਸਮਾਜਿਕ ਰਿਸ਼ਤੇ ਨਾਤੇ ਭੂਮਿਕਾ ਅਤੇ ਸਮਾਜਿਕ ਸਮੂਹਾਂ ਦੇ ਮੈਂਬਰਾਂ ਉਸ ਦੀ ਹੋਂਦ ਬਾਰੇ ਦੱਸਦੇ ਹਨ ।ਪਛਾਣ ਸਕਦਾ ਕੁਝ ਵਿਅਕਤੀ ਕੁਝ ਕਰਨ ਤੋ ਝਕ ਜਾਂਦੇ ਹਨ ਤੇ ਕੁਝ ਗੌਰਵ ਮਹਿਸੂਸ ਕਰਦੇ ਹਨ ।ਪਛਾਣ ਪ੍ਰਮੁੱਖ ਸਭਿਆਚਾਰ ਦਾ ਵਿਆਪਕ ਸੰਕਲਪ ਹੈ।ਵਿਸਥਾਰ ਤੌਰ ਤੇ ਕਿਹਾ ਜਾਵੇ ਤਾਂ ਪਛਾਣ ਕਿਸੇ ਵਿਅਕਤੀ ਜਾਂ ਸਮੂੰਹ ਦੇ ਸਮੁੱਚੇ ਚਰਿੱਤਰ ਨੂੰ ਦਰਸਾਉਂਦੀ ਹੈ।

**ਜੈ. ਬਾਮੇਸਟਰ** ਅਨੁਸਾਰ ਕੁੱਝ ਰੁਝਾਨ 20ਵੀਂ ਸਦੀ ਦੋਰਾਨ ਹੀ ਪ੍ਰਚਿੱਲਤ ਹੋਏ ਹਨ ਜਿੰਨ੍ਹਾਂ ਵਿਚ ਲੋਕਾਂ ਦੁਆਰਾ ਖਪਤ ਕਰਨ, ਵਧੇਰੇ ਕਿੱਤਈ ਚੋਣਾ ਹੋਣਾ, ਤਕਨੀਕੀ ਪਰਿਵਰਤਨਾਂ ਅਤੇ ਵਸਤੂਆਂ ਤੇ ਲੋਕਾਂ ਦਾ ਲੈਣ –ਦੇਣ ਵਧਣਾ ਸ਼ਾਮਿਲ ਹੈ । ਇਹਨਾਂ ਸਮਾਜਿਕ , ਸੱਭਿਆਚਾਰਕ ਅਤੇ ਆਰਥਿਕ ਪਰਿਵਰਤਨਾਂ ਦੇ ਪ੍ਰਭਾਵ ਕਾਰਨ ਉਦਯੋਗਿਕ ਖੇਤਰਾਂ ਵਾਲੇ ਸਮਾਜ ਵਿਚ ਲੋਕਾਂ ਨੂੰ ਆਪਣੀ ਪਛਾਣ ਦਰਸਾਉਣੀ ਔਖੀ ਹੋ ਗਈ ਅਤੇ ਪਛਾਣ ਹੋਰ ਅਮੂਰਤ ਤੇ ਗੁੰਝਲਦਾਰਾਂ ਕਿਸਮ ਦੀ ਹੁੰਦੀ ਗਈ।

**ਸਮਕਾਲੀ ਪਛਾਣ** ਨੂੰ ਚੋਣ, ਪ੍ਰਾਪਤੀ ਅਤੇ ਭੁਤਕਾਲ ਦੇ ਮੁਕਾਬਲੇ ਵਧੇਰੇ ਸਵੈ ਨੰ ਪੁਨਰ ਪਰਿਭਾਸ਼ਿਤ ਕਰਨ ਦੀ ਲੋੜ ਹੁੰਦੀ ਹੈ। ਜੇ ਕਿਸੇ ਨੂੰ ਪਛਾਣ ਬਾਰੇ ਕੁੱਝ ਸਥਾਪਿਤ ਜਾਂ ਨਿਰਧਾਰਿਤ ਕਰਨਾ ਹੋਵੇ ਤਾਂ ਉਸ ਨੂੰ ਇਸ ਵਿਚ ਬੜੀ ਮੁਸ਼ਕਿਲ ਆਉਦੀ ਹੈ। ਮਿਸਾਲ ਵਜੋਂ, ਆਧੁਨਿਕ ਵਿਅਕਤੀ ਦੀ ਪਛਾਣ ਕਿਸੇ ਵਿਅਕਤੀ ਦੀ ਸ਼ਕਸੀਅਤ ਦੇ ਲਛਣਾਂ , ਵਸਤਾਂ ਦੀ ਮਲਕੀਅਤ, ਚਾਹਤਾਂ, ਪੂਰਤੀਆਂ, ਸਮੂਹ ਦੀ ਮੈਂਬਰਸ਼ਿਪ ਅਤੇ ਕਿਰਿਆਵਾਂ ਤੇ ਸੰਸਥਾਵਾਂ ਵਿਚੋਂ ਸਿਰਜੀ ਜਾ ਸਕਦੀ ਹੈ। ਇਹਨਾਂ ਕਾਰਨਾਂ ਕਰਕੇ ਬਹੁਤ ਵਿਚਾਰਕਾਂ ਨੇ ਪਛਾਣ ਨੂੰ ਨਿਰਾਰਥਕ , ਸੰਪੂਰਿਤ ਅਤੇ ਵਾਧੂ ਬੋਝ ਦੇ ਲੇਬਲ ਦਿੱਤੇ ਅਤੇ ਵਿਅਕਤੀ ਦੀ ਅਸਲ ਤੋ ਦੂਰ ਦੱਸਿਆ ।

**ਸਮਾਜ ਵਿਗਿਆਨ ਵਿਚ ਪਛਾਣ :** ਸਮਾਜ ਵਿਗਿਆਨ ਆਮ ਤੌਰ ਸਵੈ ਨੂੰ ਕੁੱਲ ਮਿਲਾ ਕੇ ਬਹੁਤ ਸਾਰੀਆਂ ਪਛਾਣਾਂ ਤੋਂ ਨਿਰਮਿਤ ਆਖਦੇ ਹਨ ਜੋ ਕਿ ਵਿਅਕਤੀ ਦੁਆਰਾ ਸਮਾਜਿਕ ਸੰਸਾਰ ਵਿਚ ਨਿਭਾਈਆਂ ਵਿਭਿੰਨ ਭੁਮਿਕਾਵਾਂ ਨਾਲ ਜੁੜੀਆਂ ਹੁੰਦੀਆਂ ਹਨ। ਵੀਹਵੀਂ ਸਦੀ ਦੇ ਆਰੰਭ ਵਿਚ ਨਿਭਾਈਆਂ ਵਿਭਿੰਨ ਭੁਮਿਕਾਵਾਂ ਨਾਲ ਜੁੜੀਆਂ ਹੁੰਦੀਆਂ ਹਨ।ਸਮਾਜ ਵਿਗਿਆਨੀ ਇਰਵਿੰਗ ਗੌਫਮੈਨ ਨੇ ਆਪਣੀ ਪੁਸਤਕ **The Presentation of self in every day life** ਵਿੱਚ ਸਮਾਜਿਕ ਪਛਾਣ ਦੇ ਪ੍ਰਤੀ ਨਾਟ–ਸ਼ਾਸਤਰੀ ਪਹੁੰਚ ਦਰਸਾਈ। ਉਹਨਾਂ ਨੇ ਇਹ ਸਿੱਟਾ ਕੱਢਿਆ ਕਿ ਲੋਕ ਸਟੇਜ ਉਪਰਲੇ ਕਲਾਕਾਰਾਂ ਦੀ ਤਰ੍ਹਾਂ ਆਪਣੀ ਸਮਾਜਿਕ ਭੂਮਿਕਾ ਅਦਾ ਕਰਦੇ ਹਨ ਜਿੰਨ੍ਹਾਂ ਦਾ ਮੰਤਵ ਕਿਸੇ ਵਿਸ਼ੇਸ ਜਨ ਸਮੂਹ ਦੀ ਪਛਾਣ ਸਬੰਧੀ ਦ੍ਰਿੜਤਾ ਦਾ ਦਾਅਵਾ ਕਰਨਾ ਹੁੰਦਾ ਹੈ ।

**ਮਨੋਵਿਗਿਆਨ ਵਿਚ ਪਛਾਣ :** ਏਰਿਕਸਨ ਨੇ ਮਨੋਵਿਗਿਆਨੀ ਤੇ ਮੁੱਢਲੇ ਰੂਪ ਵਿਚ ਦੇ ਤੋਰ ਤੇ ਸਪੱਸ਼ਟ ਤੌਰ ਤੇ ਪਛਾਣ ਦੇ ਸੰਕਲਪ ਵਿਚ ਰੁੱਚੀ ਵਿਖਾਈ। ਉਸਨੇ ਮਨੋ–ਸਮਾਜਿਕ ਵਿਕਾਸ ਦੇ ਸਿਧਾਂਤ ਅਧੀਨ ਪਛਾਣ ਦੇ ਵਿਕਾਸ ਦੀ ਪ੍ਰਕਿਰਿਆ ਬਾਰੇ ਚਰਚਾ ਕੀਤੀ ।

ਏਰਿਕਸਨ ਦੀ ਪਛਾਣ ਸਬੰਧੀ ਸਿਧਾਂਤਕ ਢਾਂਚਾ ਨਿਮਨਲਿਖਤ ਤੱਥਾਂ ਉੱਪਰ ਅਧਾਰਿਤ ਹੈ :

1. ਨਿਰੰਤਰਤਾ ਦੀ ਮਨੋਵਿਗਿਆਨਕ ਸਮਝ ਵਿਚਲੇ ਵਖਰੇਵੇਂ ਨੂੰ ਸਵੈ ਜਾਂ ਹਉਮੈਂ ਪਛਾਣ ਕਿਹਾ ਜਾਂਦਾ ਹੈ।
2. ਨਿੱਜੀ ਖਬਤ ਜਾਂ ਮਾਨਸਿਕ ਬਣਤਰ ਜੋ ਇਕ ਵਿਅਕਤੀ ਨੂੰ ਦੂਜੇ ਨਾਲੋਂ ਨਿਖੇੜਦੀ ਹੈ ਜਿਸਨੂੰ ਨਿੱਜੀ ਪਛਾਣ ਕਹਿੰਦੇ ਹਨ।
3. ਵਿਅਕਤੀ ਜੋ ਸਮਾਜਿਕ ਭੁਮਿਕਾਵਾਂ ਸਮੁੱਚ ਵਜੋਂ ਨਿਭਾਉਂਦਾ ਹੈ ਉਹਨਾ ਨੂੰ ਜਾਂ ਤਾਂ ਸਮਾਜਿਕ ਪਛਾਣ ਕਹਿੰਦੇ ਹਨ ਜਾਂ ਫਿਰ ਸੱਭਿਆਚਾਰਕ ਪਛਾਣ।

ਏਰਿਕਸਨ ਦਾ ਕਾਰਜ ਵਿਅਕਤੀ ਦੇ ਜੀਵਨ ਕਾਲ ਵਿਚ ਪਛਾਣ ਦੀ ਬਣਤਰ ਪ੍ਰਕਿਰਿਆ ਨੂੰ ਜਾਂਚਣ ਉਪਰ ਅਧਾਰਿਤ ਹੈ ਏਰਿਕਸਨ ਇਕ ਅਜਿਹੀ ਸਿਹਤਮੰਦ ਸ਼ਖ਼ਸੀਅਤ ਦੇ ਵਿਕਾਸ ਦੀ ਵਿਆਖਿਆ ਕਰਨ ਵਿਚ ਰੁੱਚੀ ਰੱਖਦਾ ਹੈ ਜਿਹੜੀ ਸਖਸ਼ੀਅਤ ਦਾ ਅਧਾਰ ਹਉਮੈਂ ਪਛਾਣ ਹੈ। ਇਕ ਦਮਦਾਰ ਹਉਮੈਂ ਪਛਾਣ ਵਿਅਕਤੀਗਤ

ਇਤਿਹਾਸ, ਸਮਾਜਿਕ ਇਤਿਹਾਸ ਅਤੇ ਸਮਾਜਿਕ ਪ੍ਰਸੰਗਾਂ ਦੇ ਵਿਭਿੰਨ ਪ੍ਰਭਾਵਾਂ ਅਧੀਨ ਸ੍ਵੈ ਨੂੰ ਖੋਜਣ ਦੀ ਪ੍ਰਕਿਰਿਆ ਵਿਚ ਨਿਹਿਤ ਹੁੰਦੀ ਹੈ।

ਏਰਿਕਸਨ ਦੁਆਰਾ ਪੇਸ਼ ਪਛਾਣ ਵੱਖ-ਵੱਖ ਉਨ੍ਹਾਂ ਲੜੀਵਾਰ ਪੜਾਵਾਂ ਵਿਚੋ ਗੁਜ਼ਰਦੀ ਹੈ ਜਿਹਨਾਂ ਵਿਚ ਪਛਾਣ ਵੱਧ ਰਹੀਆਂ ਵੰਗਾਰਾਂ ਦੀ ਪ੍ਰਤੀਕਿਰਿਆਂ ਵੱਜੋਂ ਬਣਦੀ ਹੈ। ਹਰੇਕ ਪੜਾਅ ਵਿਚ ਵਿਅਕਤੀ ਦੀ ਮਨੋਵਿਗਿਆਨ ਬਣਤਰ ਉਸ ਦੀਆਂ ਵੰਗਾਰਾਂ ਦੇ ਸੰਦਰਭ ਵਿਚ ਉਪਜੀਆਂ ਮੰਗਾਂ ਨਾਲ ਸਬੰਧ ਰੱਖਦੀ ਹੈ। ਇਸ ਨਾਲ ਵਿਅਕਤੀ ਅੰਦਰ ਵਧੀਆਂ ਜਾਂ ਘਟੀਆ ਕਿਸਮ ਦਾ ਪ੍ਰਭਾਵ ਪੈਂਦਾ ਹੈ । ਇਹ ਉਮਰ ਨਾਲ ਸਬੰਧਤ ਵੰਗਾਰਾਂ ਇਕ ਸੰਕਟ ਨੰ ਦਰਸਾਉਦੀਆਂ ਹਨ। ਇਹਨਾਂ ਵਿਚਲਾ ਹਰੇਕ ਸੰਕਟ ਵਿਅਕਤੀ ਦੀ ਸਮਾਜਿਕ ਪ੍ਰੋੜਤਾ ਅਤੇ ਸਮਾਜਿਕ ਚਾਹਤਾਂ ਨੂੰ ਪ੍ਰਤੀਬਿੰਬਤ ਕਰਦਾ ਹੈ। ਇਹ ਸਾਰੇ ਮਨੋਸਮਾਜਿਕ ਪੜਾਅ ਸੁਤੰਤਰ ਹੁੰਦੇ ਹਨ, ਹਰੇਕ ਸੰਕਟ ਦੀ ਸਫਲਤਾ ਹਰੇਕ ਨਵੀਂ ਵੰਗਾਰ ਦੀ ਸਫਲਤਾ ਦਾ ਅਧਾਰ ਹੁੰਦੀ ਹੈ।

ਪਛਾਣ ਕਿਸ਼ੋਰ ਅਵਸਥਾ ਵਿਚ ਹੀ ਸਥਾਪਿਤ ਹੋ ਜਾਂਦੀ ਹੈ , ਚੰਗੀ-ਪਛਾਣ ਦੀ ਬਣਤਰ ਪਿੱਛੇ ਪੂਰਵ ਮਨੋ ਸਮਾਜਿਕ ਵੰਗਾਰ ਦੀ ਸਫਲਤਾ ਦੀ ਮਾਤਰਾ ਜਾ ਪੱਧਰ ਯੋਗਦਾਨ ਪਾਉਦਾ ਹੈ।ਬੱਚਿਆਂ ਵਿਚ ਕਿਸੇ ਉਪਰ ਵਿਸ਼ਵਾਸ ਕਰਨਾ ਸਿੱਖਣਾ ਉਨ੍ਹਾਂ ਦੇ ਮਨਾਂ ਵਿਚ ਮਾਂ ਦੇ ਪ੍ਰਭਾਵ ਦਾ ਸਿੱਟਾ ਹੁੰਦੇ ਹਨ ।ਉਹ ਪਹਿਲਾ ਆਪਣੀ ਮਾਂ ਉਪਰ ਹੀ ਵਿਸ਼ਵਾਸ ਕਰਦੇ ਹਨ। ਇਸ ਤਰ੍ਹਾਂ ਹੋਲੀ ਹੋਲੀ ਵੱਡੇ ਹੋ ਕੇ ਬੱਚੇ ਇਹ ਵੀ ਸਿੱਖਦੇ ਹਨ ਕਿ ਕਦੋਂ ਕਿਸੇ ਉਪਰ ਯਕੀਨ ਕਰਨਾ ਹੈ ਜਾਂ ਨਹੀ । ਹੋਰ ਬਚਪਨ ਦੀਆਂ ਮਨੋ-ਸਮਾਜਿਕ ਵੰਗਾਰਾਂ ਬੱਚੇ ਅੰਦਰ - ਖੁਦਮੁਖਤਿਆਰੀ , ਹੌਸਲਾ ਤੇ ਉੱਦਮ ਪੈਦਾ ਕਰਦੇ ਹਨ। ਇਸ ਤਰ੍ਹਾਂ ਇਹ ਸਾਰੀਆਂ ਵੰਗਾਰ ਦੇ ਕਾਰਜ ਬੱਚੇ ਦੇ ਮਨੋ ਸਮਾਜਿਕ ਪੱਧਰ ਉਪਰ ਉਸ ਦੀ ਕਿਸ਼ੋਰ ਅਵਸਥਾ ਵਿਚਲੀ ਪਛਾਣ ਬਣਾਉਣ ਵਿਚ ਸਹਾਇਕ ਹੁੰਦੇ ਹਨ

ਜੇਮਸ ਮਾਰਸੀਆਂ ਦੇ ਕਾਰਜ ਦੁਆਰਾ ਨਵ ਐਰਿਕਸੀਅਨ ਪਛਾਣ ਦਾ ਸਵਾਲ ਸਾਹਮਣੇ ਆਇਆ ਹੈ। ਪਛਾਣ ਦੇ ਅਜਿਹੇ ਨਕਸ਼ ਛਾਣਪਬੀਨ ਤੇ ਪ੍ਰਤੀਬਿੱਧਤਾ ਦੇ ਦੋ ਸੰਕਲਪਾਂ ਉਪਰ ਕੇਂਦਰਿਤ ਹਨ। ਇਸ ਅਨੁਸਾਰ ਕਿਸੇ ਵਿਅਕਤੀ ਦੀ ਪਛਾਣ ਦੀ ਸਮਝ ਉਸ ਦੁਆਰਾ ਕੁਝ ਨਿਸ਼ਚਿਤ ਨਿੱਜੀ ਅਤੇ ਸਮਾਜਿਕ ਲੱਛਣਾਂ ਦੀ ਛਾਣਬੀਣ ਤੇ ਪ੍ਰਤੀਬੱਧਤਾ ਦੇ ਅਧਾਰ ਤੇ ਹੀ ਨਿਰਧਾਰਿਤ ਹੁੰਦੀ ਹੈ ।

ਇਕ ਵਿਅਕਤੀ ਛਾਣਬੀਨ ਤੇ ਪ੍ਰਤੀਬੱਧਤਾ ਦੋਵਾਂ ਦੇ ਸਬੰਧ ਵਿਚ ਕੋਈ ਸਮਾਨ ਕਮਜ਼ੋਰੀ ਜਾਂ ਸਮਾਨ ਮਜਬੂਤੀ ਨੂੰ ਦਰਸਾਉਂਦਾ ਹੈ ਇਸ ਤਰ੍ਹਾਂ ਵਰਗੀਕਰਨ ਦੌਰਾਨ ਚਾਰ ਤਰ੍ਹਾਂ ਦੇ ਪਰਿਵਰਤਨ ਹੁੰਦੇ ਹਨ। ਜਿੰਨਾਂ ਵਿਚ ਪਛਾਣ ਵਿਸਤਾਰ , ਪਛਾਣ ਪ੍ਰਤੀਬੰਧ , ਪਛਾਣ ਉਰਫ ਬੰਦਿਸ਼ , ਅਤੇ ਪਛਾਣ ਉਪਰ ਬੰਦਿਸ਼ ਅਤੇ ਪਛਾਣ ਦੀ ਪ੍ਰਾਪਤੀ ਸ਼ਾਮਿਲ ਹਨ। ਪਛਾਣ ਵਿਚ ਵਿਸਤਾਰ ਉਦੋਂ ਵਾਪਰਦਾ ਹੈ ਜਦੋਂ ਵਿਅਕਤੀ ਜਿੰਦਗੀ ਵਿਚ ਉਨ੍ਹਾ ਭੁਮਿਕਾਵਾਂ ਨੂੰ ਵੀ ਨਿਭਾਉਣ ਲਈ ਛਾਣਬੀਨ ਕਰਨ ਤੋਂ ਵਿਰਵਾ ਰਹਿੰਦਾ ਹੈ ਜਿਹੜੀਆਂ ਕਿ ਉਹ ਕਰ ਸਕਦਾ ਹੁੰਦਾ ਹੈ। ਪਛਾਣ ਵਿਚ ਪ੍ਰਤੀਬੰਧ ਉਦੋਂ ਹੁੰਦਾ ਹੈ ਜਦੋਂ ਇਕ ਵਿਅਕਤੀ ਭੁਤਕਾਲ ਵੱਲ ਵਧੇਰੇ ਨਹੀਂ ਜਾਂਦਾ ਪਰ ਕੁੱਝ ਪ੍ਰਸੰਗਿਕ ਕਦਰਾਂ ਕੀਮਤਾਂ ਉਦੇਸ਼ਾਂ ਜਾਂ ਭੁਮਿਕਾਵਾਂ ਨੂੰ ਭੱਵਿਖ ਵਿਚ ਦ੍ਰਿੜਤਾ ਨਾਲ ਪੂਰਾ ਕਰਨਾ ਚਾਹੁੰਦਾ ਹੈ। ਪਛਾਣ ਦੀ ਬੰਦਿਸ਼ ਵੀ ਉਦੋਂ ਹੀ ਹੁੰਦੀ ਹੈ ਜਦੋ ਵਿਅਕਤੀ ਇਕ ਕਿਸਮ ਦਾ ਅੱਥਰਾਪਣ ਵਿਖਾਉਂਦੇ ਹੋਏ ਚੋਣ ਕਰਨਾ ਤਾਂ ਚਾਹੁੰਦਾ ਹੈ ਪਰ ਉਹਨਾਂ ਨੂੰ ਪੂਰਾ ਕਰਨ ਦੇ ਯੋਗ ਨਹੀ ਹੁੰਦਾ ।

ਵੈਨਸਿਚ ਦਾ ਪਛਾਣ ਵਿਭੇਦਕ ਵੀ ਪਛਾਣ ਵਿਸੁਤਾਰ , ਰੁਕਾਵਟ ਤੇ ਸੰਕਟ ਦੇ ਵਰਗਾਂ ਨਾਲ ਹੀ ਸੰਬਧਿਤ ਹੈ ਪਰ ਇਸਦੇ ਕੁਝ ਕੁ ਪ੍ਰਭਾਵ ਵੱਖਰੇ ਹਨ । ਇਥੇ ਪਛਾਣ ਵਿਸ਼ਤਾਰ ਦੇ ਸਬੰਧ ਵਿਚ ਮਿਸਾਲ ਵਜੋ ਇਕ ਸਰਵੋਤਮ ਪੱਧਰ ਹੀ ਨੇਮ ਦੇ ਤੋਰ ਤੇ ਦਰਸਾਇਆ ਜਾਂਦਾ ਹੈ, ਇਕ ਵਿਅਕਤੀ ਦਾ ਦੂਜਿਆ ਨਾਲ ਸਾਰੇ ਮੱਤਭੇਦ ਨੂੰ ਹਲ ਕਰ ਲੈਣਾ ਝੁਠ ਜਿਹਾ ਲੱਗਦਾ ਹੈ। ਇਸ ਲਈ ਸਾਨੂੰ ਇਕ ਪੱਧਰ ਅਧੀਨ ਹੀ ਵਿਅਕਤੀ ਨੂੰ ਸਮਝਣਾ ਚਾਹੀਦਾ ਹੈ ਜੋ ਇਹ ਪੱਧਰ ਕਿਸੇ ਨੇਮ ਤੋਂ ਉਚੇ ਜਾਂ ਨੀਵੇ ਹੋ ਸਕਦੇ ਹਨ । ਵਧੇਰੇ ਵਿਸਤ੍ਰਿਤ ਵਿਅਕਤੀਆ ਨੂੰ ਵਿਸ਼ਾਲਤਾ ਵਾਲੇ ਤੇ ਨੀਵੇਂ ਪੱਧਰ ਵਾਲਿਆਂ ਨੂੰ ਪ੍ਰਤੀਬੱਧ ਜਾਂ ਬਚਾਅ ਕਰਨ ਵਾਲੇ ਕਹਿੰਦੇ ਹਨ ।

**ਮਾਨਵ ਵਿਗਿਆਨ ਵਿਚ ਪਛਾਣ :** ਮਾਨਵ ਵਿਗਿਆਨ ਵਿੱਚ ਪਛਾਣ ਪਦ ਨੂੰ ਵਧੇਰੇ ਤੌਰ ਤੇ ਸਵੈ ਨੂੰ ਖੁਲ੍ਹੇ ਤੌਰ ਤੇ ਪ੍ਰਗਟਾਉਣ ਲਈ ਵਰਤਿਆ ਜਾਂਦਾ ਹੈ। ਜਿਸ ਵਿਚ ਏਰੀਕਸਨ ਦੇ ਤਰੀਕੇ ਸ਼ਾਮਿਲ ਹਨ ਤੇ ਇਹ ਸਵੈ ਵਿਲੱਖਣਤਾ ਅਤੇ ਨਿੱਜਤਾ ਉਪਰ ਅਧਾਰਿਤ ਹੈ ਜਿਹੜਾ ਕਿਸੇ ਵਿਅਕਤੀ ਨੂੰ ਹੋਰਾਂ ਨਾਲ ਵੱਖਰਾ ਦਰਸਾਉਂਦਾ ਹੈ ਮਾਨਵ ਵਿਗਿਆਨ ਨੇ 1970 ਵਿਚ ਨਸਲੀ ਅਤੇ ਸਮਾਜਿਕ ਲਹਿਰਾਂ ਦੇ ਅਜੋਕੇ ਮੁੱਦੇ ਹੋਂਦ ਵਿਚ ਆਉਣ ਉਪਰੰਤ ਪਛਾਣ ਦੇ ਮੁੱਦੇ ਨੂੰ ਚੁੱਕਿਆ । ਇਹਨਾਂ ਸਮਾਜਿਕ ਲਹਿਰਾਂ ਦੇ ਅਸਰ ਨੇ ਮਾਨਵ ਵਿਗਿਆਨੀ ਨੂੰ ਵਿਅਕਤੀ ਦੀ ਪਛਾਣ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ ਬਾਰੇ ਸੋਚਣ ਲਈ ਲਾਇਆ । ਉਸ ਸਮੇ ਏਰੀਕਸਨ ਦੀ ਸਿਧਾਂਤਕ ਪਹੁੰਚ ਵੀ ਕੰਮ ਕਰ ਰਹੀ ਸੀ। ਇਸ ਤਰਾਂ ਸਮਾਜ ਇਤਿਹਾਸਿਕ ਰੁਖ ਅਪਣਾਉਦੇ ਹੋਏ ਵਿਅਕਤੀ ਦੀ ਵਿਅਕਤੀ ਪ੍ਰਤੀ, ਦੂਜਿਆਂ ਅਤੇ ਵਿਸ੍ਰੇਸ਼ ਜਨਸਮੂਹਾਂ ਪ੍ਰਤੀ ਸਮਾਨਤਾ ਦੇ ਗੁਣਾਂ ਬਾਰੇ ਚਰਚਾ ਅਗਾਂਹ ਵਧੀ ।

**3.5 ਪਛਾਣ ਦੀਆਂ ਵਿਸ਼ੇਸ਼ਤਾਵਾਂ।**

1. ਪਛਾਣ ਇਕ ਸਮਾਜਿਕ ਮਨੋਵਿਗਿਆਨਕ ਰਚਨਾ ਹੁੰਦੀ ਹੈ ਜ਼ੋ ਅਨੁਕਰਨ ਅਤੇ ਪਹਿਚਾਣਨ ਦੀ ਪ੍ਰਕਿਰਿਆ ਦੁਆਰਾ ਸਮਾਜਿਕ ਪ੍ਰਭਾਵ ਪ੍ਰਤੀਬਿੰਬਤ ਕਰਦੀ ਹੈ ਅਤੇ ਆਪਣੇ ਅਤੇ ਹੋਰਾ ਲਈ ਮਹੱਤਵਪੁਰਨ ਹੁੰਦਾ ਹੈ । ਉਹ ਕਿਰਿਆਸ਼ੀਲ ਸਵੈ ਰਚਨਾ ਦਾ ਨਿਰਮਾਣ ਕਰਨ ਵਿਚ ਸਹਾਈ ਹੁੰਦਾ ਹੈ।

2. ਪਛਾਣ ਦੀ ਕਿਰਿਆਸ਼ੀਲ ਸਵੈ–ਰਚਨਾ ਦਾ ਪੱਖ ਬੌਧਿਕ ਜਾਂ ਹਉਮੈ ਦੀ ਪ੍ਰਕਿਰਿਆ ਉਪੱਰ ਨਿਰਭਰ ਹੁੰਦਾ ਹੈ ਜ਼ੋ ਕਿ ਸਵੈ ਦੇ ਗਿਆਨ ਨੂੰ ਸੰਗਠਿਤ ਤੇ ਸੰਰਚਿਤ ਕਰਨ ਦੇ ਨਾਲ ਨਾਲ ਉਸਨੂੰ ਪੁਨਰ ਸਿਰਜਿਤ ਵੀ ਕਰਦਾ ਹੈ।

3. ਮਨੋਵਿਗਿਆਲਕ ਸੰਰਚਨਾ ਦੇ ਤੌਰ ਤੇ ਪਛਾਣ ਸਵੈ ਨਿਯਮਿਤ ਪ੍ਰਣਾਲੀ ਹੈ ਜ਼ੋ ਪ੍ਰਤਖ ਚੌਕਸੀ ਕਰਨ ਦਾ ਕਾਰਜ ਕਰਦੀ ਹੈ, ਸੂਚਨਾ ਦੀ ਪਛਾਣ ਕਰਦੀ ਹੈ, ਪ੍ਰਭਾਵਾਂ ਦਾ ਪ੍ਰਬੰਧਨ ਕਰਦੀ ਹੈ ਤੇ ਉਚਿਤ ਵਿਵਹਾਰ ਦੀ ਚੋਣ ਕਰਦੀ ਹੈ।

4. ਸਾਰੀਆਂ ਸਮਾਜ ਮਨੋਵਿਗਿਆਨਕ ਬਣਤਰਾਂ ਵਾਂਗ ਪਛਾਣ ਦੇ ਵੀ ਆਪਣੇ ਕਾਰਜਕਾਰੀ ਮੰਤਵ ਹਨ।

5. ਪਛਾਣ ਚਲਦੀ ਰਹਿਣ ਵਾਲੀ ਪ੍ਰਕਿਰੀਆ ਹੈ । ਇਹ ਕੁਝ ਵਿਭਿੰਨ ਪ੍ਰਕਿਰਿਆਵਾਂ ਦੁਆਰਾ ਭੰਗ ਕੀਤੀ ਜਾ ਸਕਦੀ ਹੈ– (ੳ) ਪਹਿਚਾਣ ਕਰਨ ਜਾਂ ਅਨੁਕਰਨ ਕਰਨ ਦੁਆਰਾ , (ਅ) ਕੇਦਰਨ ਜਾਂ ਸਵੈ–ਜਾਗਰੂਕਤਾ ਪੂਰੇ ਸਿਖਰ ਤੇ ਹੋਵੇ ਜਾ ਵਿਅਕਤੀ ਦੀ ਅਸਲ ਪਛਾਣ ਅਤੇ ਆਦਰਸ਼ ਪਛਾਣ ਵਿਚ ਕੋਈ ਟਕਰਾਅ ਆਵੇ।

6. ਪਛਾਣ ਦੀ ਚੋਣ ਕੀਤੀ ਜਾ ਸਕਦੀ ਹੈ। ਵਧੇਰੇ ਤਕਨੀਕ ਪੱਖੋਂ ਜਟਿਲ ਸਮਾਜ ਵਿਚ ਇਸ ਦੀ ਚੋਣ ਕੀਤੀ ਜਾਦੀ ਹੈ। ਜੋ ਚੁਣਿਆ ਜਾਂਦਾ ਹੈ ਉਹ ਮਨੋਵਿਗਿਆਨਕ ਅਤੇ ਅੰਤਰ ਵਿਅਕਤੀਗਤ ਉਦੇਸ਼ ਦਾ ਸਮੂਹ ਹੁੰਦੇ ਹਨ ਜੋ ਕਿ ਵਿਕਤੀਗਤਤਾ (ਵਿੱਲਖਣ ਮਹਿਸੂਸ ਕਰਨ) ਦੀਆਂ ਕਦਰਾਂ ਕੀਮਤਾਂ , ਸਵੈ ਦ੍ਰਿੜਤਾ (ਕੰਮ ਕਰਨ ਦੀ ਆਜਾਦੀ) ਸਮਾਜਿਕ ਪ੍ਰਵਾਨਗੀ (ਹੋਰਾਂ ਦੁਆਰਾ ਕਦਰਾਂ ਕੀਮਤਾਂ ਪ੍ਰਾਪਤ ਕਰਨੀਆਂ), ਇਛਾਵਾਂ (ਆਪਣਾ ਧਿਆਨ ਕਰਨਾ ਤੇ ਦੂਜਿਆ ਦੁਆਰਾ ਪੋਸ਼ਣ), ਸਮਾਜਿਕ ਜਿੰਮੇਵਾਰੀ (ਵਿਚਾਰਧਾਰਕ ਅਤੇ ਅੰਤਰ ਵਿਅਕਤੀਗਤ ਪ੍ਰਤੀਬੱਧਤਾ ਰਖੱਣਾ), ਬਰਾਬਰਤਾ (ਸਪੱਸ਼ਟਤਾ ਤੇ ਇਨਸਾਫ), ਅਤੇ ਆਪਣਾ ਤੇ ਹੋਰਂ ਦਾ ਖਿਆਲ ਰੱਖਣ ਉਪਰ ਆਧਾਰਿਤ ਹੁੰਦੇ ਹਨ।

7. ਹਰੇਕ ਸਮਾਜ ਦੇ ਲੋਕ–ਜੀਵਨ ਵਿਚ ਕੁਝ ਸੰਵੇਦਨਸ਼ੀਲ ਪਹਿਲੂ ਹੁੰਦੇ ਹਨ ਜਿੰਨਾ ਵਿਚ ਰੂੜੀਆਂ, ਰਿਵਾਜ, ਸੰਸਥਾਗਤ ਆਸ਼ਾਵਾ ਜਾ ਫਿਰ ਨੇਮ ਆਦਿ ਵਿਅਕਤੀ ਦਾ ਸਵੈ ਕੇਂਦਰਨ ਵਾਲਾ ਵਿਵਹਾਰ ਬਣਾਉਣ ਤੇ ਪਛਾਣ ਦਾ ਨਿਰਮਾਣ ਕਰਨ ਵਿਚ ਸਹਾਈ ਹੁੰਦੇ ਹਨ।

8. ਸਮਾਜੀਕਰਨ ਦੇ ਸਮਾਜਿਕ ਅਤੇ ਵਿਅਕਤੀਗਤ ਕਾਰਜਾਂ ਕਾਰਣ ਵਿਅਕਤੀ ਦੇ ਤੋਰ ਤੇ ਉਸਦੀਆਂ ਕੁਝ ਲੋੜਾਂ ਉਸਨੂੰ ਅਜਿਹਾ ਕਰਨ ਲਈ ਕਹਿੰਦੀਆ ਹਨ। ਵਿਅਕਤੀਗਤ ਵੇਗ ਹੀ ਉਸਨੂੰ ਇਕ ਵਿਲਖਣ ਤੇ ਵਿਸ਼ੇਸ਼ ਬਣਨ ਲਈ ਉਤਸ਼ਾਹ ਪ੍ਰਦਾਨ ਕਰਦਾ ਹੈ।ਸਮਾਜਿਕ ਵੇਗ ਵਿਅਕਤੀ ਨੂੰ ਹੋਰਾਂ ਨਾਲ ਸੰਬੰਧ ਰੱਖਣ , ਜੁੜੇ ਰਹਿਣ,ਏਕਤਾ ਅਤੇ ਭਾਈਚਾਰਾ ਬਣਾਈ ਰੱਖਣ ਦੀ ਲੋੜ ਦਰਸਾਉਂਦਾ ਹੈ।

9. ਨਿੱਜੀ ਜਾਂ ਸਮਾਜਿਕ ਪਛਾਣ ਵਿਅਕਤੀ ਦੇ ਦੁਆਲੇ ਬਣੀ ਰਹਿਣ ਸਹਿਣ ਪ੍ਰਣਾਲੀ ਦੁਆਰਾ ਵੱਖ-ਵੱਖ ਹਿੱਸੀਆ ਵਿਚ ਬਣਦੀ ਹੀ ਨਹੀ ਬਲਕਿ ਵਿਅਕਤੀਗਤ ਪਛਾਣ ਇਸ ਰਹਿਣ ਸਹਿਣ ਪ੍ਰਣਾਲੀ ਨੂੰ ਵੀ ਬਣਾਉਣ ਜਾਂ ਇਸ ਦਾ ਸੁਭਾਅ ਬਦਲਣ ਦੇ ਯੋਗ ਵੀ ਹੁੰਦੀ ਹੈ।

10. ਪਛਾਣ ਮਨੁੱਖੀ ਸਮਾਜਿਕ ਸਮੂਹਾ ਦਾ ਇਕ ਜ਼ਰੂਰੀ ਅੰਗ ਹੈ। ਇਸ ਦੀ ਜੀਵਨ ਪ੍ਰਣਾਲੀ ਵਿਚ ਹਰੇਕ ਤੱਤ ਦੀ ਸਮਾਉਣ ਯੋਗਤਾ , ਨਿਰੰਤਰਤਾ ਅਤੇ ਇਕਸਾਰਤਾ ਦੀਆਂ ਸੰਰਚਨਾਤਮਕ ਵਿਸ਼ੇਸ਼ਤਾਵਾਂ ਹੁੰਦੀਆਂ ਹਨ।

### 3.6 ਸਫਲ ਪਛਾਣ ਬਣਾਉਣ ਦੀ ਲੋੜ :

ਪਛਾਣ ਦਾ ਵਿਕਾਸ ਇਸ ਗੱਲ ਨਾਲ ਜੁੜਿਆ ਹੋਇਆ ਹੈ ਕਿ ਲੋਕ ਆਪਣੇ ਬਾਰੇ ਕਿਵੇਂ ਸੋਚਦੇ ਹਨ ਅਤੇ ਉਹ ਕਿਵੇਂ ਫੇਸਲਾ ਕਰਦੇ ਹਨ ਕਿ ਉਹਨਾਂ ਦਾ ਕਿਹੜਾ ਅਨੁਭਵ ਦਾ ਪੱਖ ਆਪਣੇ ਆਪ ਨੂੰ ਪਰਿਭਾਸ਼ਿਤ ਕਰਨ ਲਈ ਸਭ ਤੋ ਅਹਿਮ ਹੈ। ਦੂਜੇ ਸ਼ਬਦਾਂ ਵਿਚ ਪਛਾਣ ਦੇ ਵਿਕਾਸ ਵਿਚ ਪਰਿਭਾਸ਼ਿਤ ਕਰਨ, ਪਛਾਣ ਨੂੰ ਬਣਾਉਣ ਤੇ ਕਾਰ ਵਿਹਾਰ ਵਿਚ ਪਾਉਣ ਲਈ ਤੇ ਵਿਚੋਲਗੀ ਦੀ ਨਿੱਜੀ ਅਤੇ ਸਮਾਜਿਕ ਪ੍ਰਕਿਰਿਆ ਨਿਹਿਤ ਹੈ।

ਪਛਾਣ ਰਚਨਾ ਨੂੰ ਵਿਅਕਤੀਤਵ ਵੀ ਕਹਿ ਸਕਦੇ ਹਾਂ, ਜੋ ਕਿ ਮਨੁਖੀ ਜੀਵਨ ਤੇ ਸਮਾਜ ਦੀ ਇਕ ਵਿਅਕਤੀ ਦੇ ਵਿਕਾਸ ਦੀ ਪਛਾਣ ਹੁੰਦਾ ਹੈ। ਇਸ ਦੇ ਅਧਾਰ ਤੇ ਹੀ ਉਸ ਦੀ ਇੱਜ਼ਤ – ਸਨਮਾਨ ਦੀ ਬਹਾਲੀ ਹੁੰਦੀ ਹੈ। ਇਹੀ ਪ੍ਰਕਿਰਿਆ ਦੁਆਰਾ ਵਿਅਕਤੀ ਆਪਣੇ ਆਪ ਤੇ ਦੂਜਿਆਂ ਨੂੰ ਪਰਿਭਾਸ਼ਿਤ ਕਰਦਾ ਹੈ।

ਪਛਾਣ ਨਿਰਮਾਣ ਵਿਅਕਤੀ ਦੀ ਸ਼ਖ਼ਸੀਅਤ ਨੂੰ ਪ੍ਰਭਾਵਿਤ ਕਰਦੀ ਹੈ ਜਿਸ ਕਾਰਨ ਵਿਅਕਤੀ ਆਪਣੇ ਆਪ ਬਾਰੇ ਤੇ ਆਪਣੀ ਦੂਜਿਆਂ ਤੋ ਵੱਖਰੀ ਪਛਾਣ ਬਾਰੇ ਸੋਚਦਾ ਹੈ ਇਸੇ ਪ੍ਰਕਿਰਿਆ ਅਧੀਨ ਹੀ ਵਿਅਕਤੀ ਵਿਚ ਨਿਜੱਤਵ ਦੀ ਭਾਵਨਾ ਪੈਦਾ ਹੁੰਦਾ ਹੈ। ਪਛਾਣ ਉਹਨਾਂ ਦੇ ਮਾਰਗ੍ਦਰਸ਼ਨ ਲਈ ਜ਼ਰੂਰੀ ਹੈ ਜੋ ਆਪਣੇ ਆਪ ਨੂੰ ਜੋ ਆਪਣੇ ਆਪ ਨੂੰ ਪਰਿਭਾਸ਼ਿਤ ਕਰਨ ਦੀ ਉਲਝਣ ਵਿਚ ਫਸੇ ਹੁੰਦੇ ਹਨ। ਵਿਅਕਤੀ ਦੀ ਉਲਝਮਈ ਸਥਿਤੀ ਤੋਂ ਬਚਾਵ ਲਈ ਲਈ ਸਵੈ ਪਛਾਣ ਦੀ ਲੋੜ ਹੇਠ ਲਿਖਿਆ ਕਾਰਨ ਮਹਿਸੂਸ ਹੁੰਦੀ ਹੈ

1) ਆਪਣੇ – ਆਪ ਨੰ ਸਮਝਣ ਲਈ ਅਤੇ ਸੰਰਚਨਾ ਪ੍ਰਦਾਨ ਕਰਨ ਲਈ
2) ਪ੍ਰਤੀਬੱਧਤਾ , ਕਦਰਾਂ ਕੀਮਤਾਂ ਅਤੇ ਉਦੇਸ਼ਾਂ ਰਾਹੀਂ ਵਿਅਕਤੀ ਨੂੰ ਅਰਥ ਦੇਣ ਅਤੇ ਦਿਸ਼ਾ ਪ੍ਰਦਾਨ ਕਰਨ ਲਈ ।
3) ਵਿਅਕਤੀ ਅੰਦਰ ਸਵੈ – ਨਿਯੰਤਰਣ ਦੀ ਸਮਝ ਪੈਦਾ ਕਰਨ ਅਤੇ ਸੁਤੰਤਰ ਸੋਚਣੀ ਪ੍ਰਦਾਨ ਕਰਨ ਲਈ
4) ਕਦਰਾਂ ਕੀਮਤਾਂ , ਵਿਸ਼ਵਾਸ਼ਾਂ ਅਤੇ ਪ੍ਰਤੀਬੱਧਤਾ ਵਿਚ ਇਕ ਸੁਰਤਾ , ਇਕ ਸਾਰਤਾ ਤੇ ਸਦਭਾਵਨਾ ਪੈਦਾ ਕਰਨ ਲਈ
5) ਭੱਵਿਖ , ਸੰਭਾਵਨਾਵਾਂ ਅਤੇ ਵਿਕਲਪੀ ਚੋਣ ਦੀ ਸਮਝ ਦੀ ਯੋਗਤਾ ਪਛਾਣ ਕਰਨ ਦੇ ਬੱਲ ਲਈ
6) ਚੰਗੀ ਤਰ੍ਹਾਂ ਵਿਕਸਿਤ ਪਛਾਣ ਵਿਅਕਤੀ ਨੂੰ ਉਸ ਦੀਆਂ ਸ਼ਕਤੀਆਂ ਅਤੇ ਕਮਜ਼ੋਰੀਆਂ ਬਾਰੇ ਚੇਤੰਨ ਕਰਦੀ ਹੈ ।
7) ਪਛਾਣ ਵਿਅਕਤੀ ਦੇ ਬੀਤੇ ਅਤੇ ਭਵਿੱਖ ਵਿਚਕਾਰ ਵਰਤਮਾਨ ਵਿਚ ਕੁਲ ਦਾ ਕੰਮ ਕਰਕੇ ਦਿਸ਼ਾ ਪ੍ਰਦਾਨ ਕਰਦੀ ਹੈ।
8) ਸਵੈ-ਪਛਾਣ ਵਿਅਕਤੀ ਦਾ ਸਮਾਜ ਵਿਚ ਰਸੂਖ ਦਾ ਕਾਰਣ ਬਣਦੀ ਹੈ ।

ਇਸ ਲਈ ਪਛਾਣ – ਨਿਰਮਾਣ ਨੂੰ ਵਿਅਕਤੀ ਦੇ ਸੰਪੂਰਨ ਵਿਕਾਸ ਵਿਚ ਮਹੱਤਵਪੂਰਨ ਮੰਨਿਆ ਗਿਆ ਹੈ

### 3.7 ਪਛਾਣ ਨੂੰ ਬਣਾਉਣ ਵਾਲੇ ਨਿਰਧਾਰਕ ਤੱਤ :

ਪਛਾਣ ਦੇ ਨਿਰਮਾਣ ਵਿੱਚ ਬਹੁਤ ਸਾਰੇ ਸਹਾਈ ਕਾਰਕ ਹੁੰਦੇ ਹਨ। ਇਹਨਾਂ ਸਾਰਿਆਂ ਕਾਰਕਾਂ ਦੀ ਚਰਚਾ ਨਿਮਨਲਿਖਤ ਹੈ :

**1. ਪਰੰਪਰਾਗਤ ਕਦਰਾਂ ਕੀਮਤਾਂ :** ਇਕ ਸਫਲ ਪਛਾਣ ਦੀ ਪ੍ਰਾਪਤ ਦੇ ਵਿਕਾਸ ਲਈ ਪਰੰਪਰਾਗਤ ਕਦਰਾਂ ਕੀਮਤਾਂ ਦਾ ਉਨ੍ਹਾ ਦੇ ਸਮਕਾਲੀ ਪਰਿਪੇਖ ਵਿਚ ਅਰਥ ਗ੍ਰਹਿਣ ਕਰਨਾ ਜ਼ਰੂਰੀ ਹੈ। ਇਸੇ ਲਈ ਕਿਸ਼ੋਰ ਆਪਣੇ

ਮਾਪਿਆਂ ਤੋਂ ਕਦਰਾਂ ਕੀਮਤਾਂ ਪਰੰਪਰਾ ਰਾਹੀਂ ਗ੍ਰਹਿਣ ਕਰਦੇ ਹਨ ਤੇ ਫਿਰ ਉਨ੍ਹਾਂ ਕਦਰਾਂ ਕੀਮਤਾਂ ਦੀ ਉਹ ਆਪਣੇ ਮਿੱਤਰਾਂ ਰਾਹੀਂ ਸਮਕਾਲ ਵਿਚ ਪ੍ਰਗਟਾਅ ਕਰਦੇ ਹਨ। ਇਸ ਤਰ੍ਹਾਂ ਮਾਪਿਆਂ ਤੇ ਮਿੱਤਰਾਂ ਦਾ ਕਿਸ਼ੋਰ ਦੇ ਨਿੱਜੀ ਵਿਹਾਰ ਉੱਪਰ ਵਧੇਰੇ ਅਸਰ ਹੁੰਦਾ ਹੈ ।

**2. ਮਾਪਿਆਂ ਦੀ ਜੀਵਨ ਸ਼ੈਲੀ :** ਕਿਸ਼ੋਰ ਆਪਣੇ ਮਾਪਿਆਂ ਤੋਂ ਰਿਸ਼ਤੇ ਵੱਜੋਂ ਬਹੁਤ ਕੁੱਝ ਗ੍ਰਹਿਣ ਕਰਦੇ ਹਨ ਜਿਸਦੀ ਉਸਦੀ ਪਛਾਣ ਦੇ ਨਿਰਮਾਣ ਵਿਚ ਭੂਮਿਕਾ ਹੁੰਦਾ ਹੈ। ਇਕ ਸਹਾਇਕ ਮਾਹੌਲ ਵਿਚ ਉੱਚ ਰਹਿਣੀ – ਬਹਿਣੀ ਵਧੇਰੇ ਪ੍ਰਭਾਵ ਪਾਉਂਦੀ ਹੈ। ਜਿੰਨਾ ਮਾਪਿਆਂ ਦਾ ਜੀਵਨ ਪੱਧਰ ਉੱਚਾ ਹੁੰਦਾ ਹੈ ਪਰ ਸੰਚਾਰ ਵਧੀਆ ਨਹੀਂ ਹੁੰਦਾ, ਉਸ ਦੇ ਬੱਚੇ ਦੀ ਪਛਾਣ ਦੇ ਨਿਰਮਾਣ ਉਪਰ ਮਾੜਾ ਅਸਰ ਪੈਂਦਾ ਹੈ।ਮਾੜੇ ਵਿਹਾਰ ਵਾਲੇ ਮਾਪਿਆਂ ਦੇ ਬੱਚਿਆਂ ਦੀ ਪਛਾਣ ਵੀ ਖੰਡਿਤ ਤੇ ਮਾੜੀ ਹੀ ਹੁੰਦੀ ਹੈ ਪਰ ਜੇਕਰ ਮਾਪਿਆਂ ਵਿਚਲੇ ਸਬੰਧ ਬੱਚੇ ਨਾਲ ਵੀ ਵਧੀਆ ਹਨ ਤਾਂ ਉਹ ਵੀ ਚੰਗੀ ਪਛਾਣ ਦਾ ਨਿਰਮਾਣ ਕਰ ਸਕੇਗਾ

**3. ਸਮਾਜਿਕ ਸੰਰਚਨਾਵਾਂ :** ਇਕ ਵਿਅਕਤੀ ਦੀ ਪਛਾਣ ਨੂੰ ਸਮਾਜਿਕ ਸੰਰਚਨਾਵਾਂ ਬਹੁਤ ਹੱਦ ਤੱਕ ਪ੍ਰਭਾਵਿਤ ਕਰਦੀਆਂ ਹਨ, ਵਿਸ਼ੇਸ ਰੂਪ ਵਿਚ ਵਿਅਕਤੀ ਦੁਆਰਾ ਨਿਭਾਈਆਂ ਜਾਂਦੀਆਂ ਸਮਾਜਿਕ ਭੂਮਿਕਾਵਾਂ ਅਤੇ ਉਨ੍ਹਾ ਨਾਲ ਜੁੜੀਆ ਉਮੀਦਾਂ ਵੀ ਪ੍ਰਭਾਵਿਤ ਹੁੰਦੀਆਂ ਹਨ। ਸਮੇਂ ਉਪਰੰਤ ਵਿਅਕਤੀ ਦੀ ਭੁਮਿਕਾ ਵਿਚ ਵੀ ਬਦਲਾਅ ਆਉਦਾ ਹੈ , ਕਿਉਕਿ ਉਸਦੀ ਪਛਾਣ ਉਸਦੀ ਭੁਮਿਕਾ ਨਾਲ ਜੁੜੀ ਹੁੰਦੀ ਹੈ ।

**4. ਪਰਿਵਾਰ :** ਇਕ ਵਿਅਕਤੀ ਦੀ ਪਛਾਣ (ਵਿਸ਼ੇਸ਼ ਕਰਕੇ ਕਿਸ਼ੋਰ ਅਵਸਥਾ ਦੀ ) ਉਸਦੇ ਪਰਿਵਾਰਕ ਮੈਂਬਰਾਂ ਅਤੇ ਆਲੇ ਦੁਆਲੇ ਦੇ ਵਾਤਾਵਰਨ ਤੋਂ ਪ੍ਰਭਾਵਿਤ ਹੁੰਦੀ ਹੈ । ਜੇਕਰ ਪਰਿਵਾਰ ਦੇ ਮੈਂਬਰ ਲੜਦੇ – ਝਗੜਦੇ ਜਾਂ ਵੱਖ ਵੱਖ ਰਹਿੰਦੇ ਹਨ ਤਾਂ ਬੱਚਾ ਵੀ ਖੰਡਿਤ ਪਛਾਣ ਵਾਲਾ ਬਣੇਗਾ । ਇਹ ਨਰ ਤੇ ਮਾਦਾ ਦੋਵਾ ਲਈ ਹੀ ਸੱਚ ਹੈ। ਇਸ ਤਰ੍ਹਾਂ ਇਕ ਪਰਿਵਾਰ ਦਾ ਕਿਸੇ ਵਿਅਕਤੀ ਦੀ ਪਛਾਣ ਉਪਰ ਚੰਗਾ ਜਾਂ ਮਾੜਾ ਪ੍ਰਭਾਵ ਜਰੂਰ ਪੈਂਦਾ ਹੈ ।

**5. ਸਾਥੀਆਂ ਨਾਲ ਸਬੰਧ :** ਨਰ ਜਾਂ ਮਾਦਾ ਆਪਣੇ ਸਾਥੀਆਂ ਨਾਲ ਮਿੱਤਰਤਾ ਰਾਹੀਂ ਪ੍ਰਭਾਵ ਗ੍ਰਹਿਣ ਕਰਦੇ ਹਨ। ਮੁੰਡੇ ਤੇ ਕੁੜੀਆਂ ਕਿਸ਼ੋਰ ਅਵਸਥਾ ਵਿਚ ਆਪਣੇ –ਆਪਣੇ ਸਾਥੀਆਂ ਰਾਹੀ ਆਪਣੀ ਪਛਾਣ ਦਾ ਨਿਰਮਾਣ ਕਰਦੇ ਹਨ। ਬੱਚਿਆਂ ਅੰਦਰ ਸਵੈ ਦੀ ਧਾਰਨਾ ਉਹਨਾਂ ਦੇ ਸਾਥੀਆਂ ਨਾਲ ਸਬੰਧਾਂ ਉਪਰ ਵੀ ਅਸਰ ਪਾਉਂਦੀ ਹੈ। ਆਪਣੀ ਆਪਣੀ ਸਮੱਰਥਾ ਜਾਣਨ ਲਈ ਬੱਚੇ ਦੂਜਿਆਂ ਨਾਲ ਆਪਣੀ ਤੁਲਨਾ ਕਰਦੇ ਹਨ। ਬੱਚੇ ਵਿਚ ਜੇਕਰ ਸਵੈ – ਯੋਗਤਾ ਵਧੇਰੇ ਹੋਵੇਗੀ ਤਾਂ ਹੋਰਾਂ ਨਾਲ ਵਧੇਰੇ ਚੰਗੇ ਸਬੰਧ ਬਣਾਵੇਗਾ। ਪਰ ਘੱਟ ਸਮੱਰਥਾ ਵਾਲਾ ਬੱਚਾ ਹੀਣਾ ਮਹਿਸੂਸ ਕਰਦਾ ਹੈ।

**6. ਬੌਧਿਕ ਪ੍ਰਭਾਵ :** ਬੌਧਿਕ ਪ੍ਰਕਾਰ ਦੀਆਂ ਗਤੀਵਿਧੀਆਂ ਵੀ ਇਕ ਪਛਾਣ ਨਿਰਮਾਣ ਉਪਰ ਆਪਣਾ ਅਸਰ ਪਾਉਂਦੀਆਂ ਹਨ। ਜਦੋਂ ਕਿਸ਼ੋਰਾਂ ਵਿਚ ਅਮੂਰਤ ਅਤੇ ਤਰਕ ਦੇ ਅਧਾਰ ਤੇ ਸੋਚਣ ਦੀ ਸ਼ਕਤ ਆਉਂਦੀ ਹੈ ਤਾ ਉਹ ਆਪਣੀ ਬਣ ਰਹੀ ਪਛਾਣ ਪ੍ਰਤੀ ਵਧੇਰੇ ਸਮੀਖਿਆਤਮਕ ਰਹਿੰਦੇ ਹਨ। ਵਧੇਰੇ ਸਮਰੱਥ ਬੌਧਿਕ ਵਿਕਾਸ ਵਾਲੇ ਬੱਚੇ ਘੱਟ ਸਮਰੱਥ ਬੱਚਿਆ ਦੀ ਤੁਲਨਾ ਵਿਚ ਵਧੇਰੇ ਚੰਗੀ ਤਰ੍ਹਾਂ ਆਪਣੀ ਪਛਾਣ ਨਿਰਮਾਣ ਦੀਆਂ ਮੁਸ਼ਕਿਲਾ ਨੂੰ ਚੰਗੀ ਤਰ੍ਹਾਂ ਸੌਖਿਆਂ ਹੀ ਸਮਝ ਜਾਂਦਾ ਹੈ ਤਾਂ ਉਸੀ ਪਛਾਣ ਦਾ ਵਿਕਾਸ ਸੁੰਤਲਿਤ ਹੁੰਦਾ ਹੈ

**7. ਵਿੱਦਿਅਕ ਪ੍ਰਭਾਵ :** ਆਪਣੀ ਸੈਕੰਡਰੀ ਸਿੱਖਿਆ ਹਾਸਿਲ ਕਰਨ ਉਪਰੰਤ ਕਿਸ਼ੋਰਾਂ ਨੇ ਆਪਣੇ ਉਦੇਸ਼ਾ ਨੂੰ ਪੱਕਿਆ ਕਰਨਾ ਹੁੰਦਾ ਹੈ ਤੇ ਕਿੱਤਈ ਪ੍ਰਤੀਬੱਧਤਾ ਵੀ ਬਣਾਉਣੀ ਹੁੰਦੀ ਹੈ। ਇਸ ਤਰ੍ਹਾਂ ਕਾਲਜ ਜਾ ਯੁਨੀਵਰਸਿਟੀ ਵਿਚ ਜਾਣ ਉਪਰੰਤ ਉਸ ਦੀ ਸ਼ਖ਼ਸੀਅਤ ਵਿਚ ਨਿਖਾਰ ਆਉਣ ਦੀ ਸੰਭਵਾਨਾ ਹੁੰਦੀ ਹੈ। ਬੇਸ਼ੱਕ ਇਸ ਤੱਥ ਦੇ ਉਲਟ ਧਾਰਨਾਵਾਂ ਵੀ ਸਹੀ ਹੋ ਸਕਦੀਆਂ ਹਨ ਜਿੱਥੇ ਇਕ ਪਛਾਣ ਸਿੱਖਿਆ ਤੇ ਸਿੱਖਿਆ ਸੰਸਥਾਵਾ ਨੂੰ ਪ੍ਰਭਾਵਿਤ ਕਰਦੀ ਹੈ, ਪਰ ਦੋਵੇਂ ਹੀ ਕਿਸੇ ਨਾ ਕਿਸੇ ਤਰ੍ਹਾਂ ਇਕ ਪਛਾਣ ਨੂੰ ਜਰੂਰ ਪ੍ਰਭਾਵਿਤ ਕਰਨ ਵਾਲੀਆ ਸਥਿਤੀਆ ਹਨ। ਪਛਾਣ ਉਪਰ ਵਿੱਦਿਅਕ ਪ੍ਰਭਾਵ ਵਧੇਰੇ ਚੰਗਾ ਹੁੰਦਾ ਹੈ, ਇਸ ਦੁਆਰਾ ਉਸਦੀ ਚੰਗੀ ਪਛਾਣ ਬਣਦੀ ਹੈ । ਵਿੱਦਿਅਕ ਸਾਡੇ ਦਿਮਾਗ ਤੇ ਅਸਰ ਪਾਉਂਦੀ ਹੋਈ ਸਾਡੀ ਪਛਾਣ ਉਪਰ ਵੀ ਪ੍ਰਭਾਵ ਪਾਉਂਦੀ ਹੈ ।

**8. ਸਵੈ-ਕਦਰ:** ਸਵੈ-ਕਦਰ ਬੱਚੇ ਨੰ ਦੂਜਿਆਂ ਨਾਲ ਤੁਲਨਾ ਦੁਆਰਾ ਆਪਣਾ ਆਕਲਣ ਕਰਨ ਵਿਚ ਸਹਾਈ ਹੁੰਦੀ ਹੈ। ਬੱਚੇ ਅਕਸਰ ਮਹਿਸੂਸ ਕਰਦੇ ਹਨ ਕਿ ਉਹ ਦੂਜਿਆਂ ਤੋਂ ਵਧੇਰੇ ਸਮਰੱਥ ਹਨ ਪਰ ਕੋਈ ਉਨ੍ਹਾਂ ਵੱਲ ਧਿਆਨ ਨਹੀਂ ਕਰਦਾ । ਆਮ ਤੌਰ ਤੇ ਇਹ ਆਕਲਣ ਵੱਖ-ਵੱਖ ਖੇਤਰਾਂ ਦੇ ਅਧਾਰ ਤੇ ਕੀਤਾ ਜਾਂਦਾ ਹੈ। ਇਹਨਾ ਖੇਤਰਾਂ ਵਿਚ ਖੇਡਾਂ, ਸਿੱਖਿਆ, ਮਿੱਤਰਤਾ, ਆਦਿ ਅਹਿਮ ਹਨ। ਜੇਕਰ ਵਿਭਿੰਨ ਖੇਤਰਾਂ ਵਿਚੋਂ ਆਕਲਣ ਵਧੇਰੇ ਨਾਂਹਮੁਖੀ ਹੋਵੇ ਤਾਂ ਬੱਚਾ ਆਪਣੇ ਆਪ ਨੂੰ ਬੇਵੱਸ ਮਹਿਸੂਸ ਕਰਦਾ ਹੈ ।

**9. ਸਮਾਜ-ਸੱਭਿਆਚਾਰਕ ਪ੍ਰਭਾਵ :** ਸਮਾਜ ਸੱਭਿਆਚਾਰਕ ਪ੍ਰਭਾਵਾਂ ਦਾ ਦਾਇਰਾ ਵਿਸ਼ਾਲ ਸਮਾਜਿਕ ਅਤੇ ਇਤਿਹਾਸਕ ਸੰਦਰਭ ਨਾਲ ਜੁੜਿਆ ਹੋਇਆ ਹੈ । ਮਿਸਾਲ ਵੱਜੋਂ, ਬੀਤੇ ਸਮਿਆਂ ਵਿਚ ਬੱਚੇ ਦੇ ਉਦੇਸ਼ ਕੇਵਲ ਆਪਣੇ ਮਾਪਿਆਂ ਵਾਂਗ ਕੰਮ੍ ਧੰਦਾ ਕਰਨਾ ਜਾਂ ਧਾਰਮਿਕ ਵਿਸ਼ਵਾਸ ਆਦਿ ਨਿਭਾਉਣਾ ਹੁੰਦਾ ਸੀ ਪਰ ਅੱਜ ਦੇ ਸਮਾਜ ਵਿਚ ਕਿਸ਼ੋਰਾਂ ਕੋਲ ਨਵੀਆ ਕਾਢਾਂ ਤੇ ਵਧੇਰੇ ਸ੍ਰੋਤਾਂ ਕਾਰਨ ਆਪਣੀ ਪਛਾਣ ਨੂੰ ਬਣਾਉਣ ਤੇ ਦਰਸਾਉਣ ਦੀ ਚੋਣ ਮਿਲ ਗਈ ਹੈ। ਇਸ ਤਰ੍ਹਾ ਬਦਲ ਰਹੀ ਸਮਾਜ - ਸੱਭਿਆਚਰਕ ਸਥਿਤੀ ਵਿਚ ਵਿਅਕਤੀ ਆਪਣੀਆਂ ਇੱਛਾਵਾਂ ਅਨੁਸਾਰ ਆਪਣੀ ਪਛਾਣ ਬਣਾਉਣ ਦੇ ਯੋਗ ਹੋ ਗਿਆ ਹੈ ।

### 3.8 ਵਿਅਕਤੀ ਦੇ ਨਿਰਮਾਣ ਦੇ ਨਿਰਧਾਰਕ ਤੱਤ :

ਮਨੁੱਖੀ ਜੀਵ ਜੰਮਦਿਆਂ ਹੀ ਇਕ ਵਿਅਕਤੀ ਨਹੀਂ ਹੁੰਦਾ ਸਗੋਂ ਜਨਮ ਵੇਲੇ ਤਾਂ ਉਹ ਵਿਅਕਤੀ ਬਣਨ ਦੀਆਂ ਯੋਗਤਾਵਾਂ ਨਾਲ ਭਰਪੂਰ ਹੁੰਦਾ ਹੈ । ਜਨਮ ਉਪਰੰਤ ਉਹ ਹੋਰ ਮਨੁੱਖਾਂ ਦੇ ਸੰਪਰਕ ਵਿਚ ਆ ਕੇ ਆਪਣੇ ਸੱਭਿਆਚਾਰ ਦਾ ਪ੍ਰਭਾਵ ਗ੍ਰਹਿਣ ਕਰਦਾ ਹੈ। ਵਿਭਿੰਨ ਅਨੁਭਵਾਂ ਤੇ ਸਮਾਜਿਕ ਪ੍ਰਭਾਵਾਂ ਨੂੰ ਗ੍ਰਹਿਣ ਕਰਨ ਉਪਰੰਤ ਉਹ ਵਿਅਕਤੀ ਬਣਦਾ ਹੈ। ਬੁਨਿਆਦੀ ਰੂਪ ਵਿਚ ਬੌਧਿਕ ਅਤੇ ਸਰੀਰਿਕ ਵਿਕਾਸ ਬਰਾਬਰ ਰੂਪ ਵਿਚ ਮਹੱਤਵਪੂਰਨ ਹੈ । ਉਸਦੇ ਬੌਧਿਕ ਵਿਕਾਸ ਵਿਚ ਨਵੀਆਂ ਬੌਧਿਕ ਸੰਰਚਨਾਵਾਂ , ਧਾਰਨਾਵਾਂ , ਚੇਤਨਾ, ਤਰਕ, ਵਿਸ਼ਵਾਸ , ਯੋਜਨਾਵਾਂ , ਵਿਚਾਰ, ਮੱਤਭੇਦ, ਸਵੈਂ ਦੀ ਸਮਝ ਆਦਿ ਸ਼ਾਮਿਲ ਹੁੰਦੇ ਹਨ ਅਤੇ ਸਰੀਰਿਕ ਵਿਕਾਸ ਵਿਚ ਸਿਹਤਮੰਦ ਸਰੀਰ ਜ਼ਰੂਰੀ ਹੁੰਦਾ ਹੈ। ਇਸ ਦੇ ਨਾਲ ਹੀ ਇਕ ਵਿਅਕਤੀ ਦੇ ਨਿਰਮਾਣ ਵਿਚ ਉਸਦੀ ਹੋਂਉ ਅਤੇ ਪਛਾਣੋਂ ਵੀ ਜੁੜੇ ਹੋਏ ਹਨ। ਸਮਾਜਿਕ ਪਰਿਪੇਖ ਤੋ ਇਹ ਦੋਵੇਂ ਕਾਰਕ ਮਨੁੱਖ ਦਾ ਵਿਹਾਰ ਦਰਸਾਉਣ ਵਾਲੇ ਹਨ। ਵਿਅਕਤੀ ਆਪਣੇ ਪਰਿਵਾਰ, ਸਕੂਲ, ਸਮੁਦਾਇ ਆਦਿ ਦੀ ਅਨਿੱਖੜ ਇਕਾਈ ਹੁੰਦਾ ਹੈ। ਇਸ ਤਰ੍ਹਾਂ ਇਕ ਵਿਅਕਤੀ ਦਾ ਸਮਾਜੀਕਰਨ ਉਸਦੀ ਸਮਝ ਦੇ ਵਿਕਾਸ ਅਤੇ ਸਮਾਜ ਵਿਚ ਵਿਚਰਨ ਲਈ ਜ਼ਰੂਰੀ ਹੁੰਦਾ ਹੈ। ਸੰਸਾਰ ਵਿਚ ਤਰਕਮਈ ਪ੍ਰਾਣੀ ਦੀ ਹੋਂਦ ਲਈ ਇਕ ਮਨੁੱਖੀ ਜੀਵ ਨੂੰ ਵਿਅਕਤੀ ਬਣਨਾ ਲਾਜ਼ਮੀ ਹੈ ।

ਇਕ ਵਿਅਕਤੀ ਦੇ ਨਿਰਮਾਣ ਲਈ ਕਈ ਨਿਰਧਾਰਕ ਕਾਰਕ ਹਨ। ਉਹਨਾਂ ਵਿਚੋ ਪ੍ਰਮੁੱਖ ਨਿਮਨਲਿਖਤ ਹਨ :

1. ਮਨੋਵਿਗਿਆਨਕ ਨਿਰਧਾਰਕ :
2. ਸਮਾਜ ਵਿਗਿਆਨਕ ਨਿਰਧਾਰਕ
3. ਵਾਤਾਵਰਨਿਕ ਨਿਰਧਾਰਕ
4. ਜੀਵ - ਵਿਗਿਆਨਕ ਨਿਰਧਾਰਕ
5. ਪ੍ਰਯੋਗਾਤਮਿਕ ਨਿਰਧਾਰਕ

**1. ਮਨੋਵਿਗਿਆਨਕ ਨਿਰਧਾਰਕ :** ਇਕ ਵਿਅਕਤੀ ਵਿਸ਼ੇਸ ਰੂਪ ਵਿਚ ਮਾਨਸਿਕ ਰਵੱਈਏ , ਗੁੰਝਲਾਂ , ਭਾਵਾਂ , ਰੁਝਾਨਾਂ, ਵਿਸ਼ਵਾਸ਼ਾ, ਅਤੇ ਸੰਵੇਦਨਾਵਾਂ ਦਾ ਸੰਗਠਨ ਹੁੰਦਾ ਹੈ। ਮਨੋਵਿਗਿਆਨਕ ਨਿਰਧਾਰਕ ਸਾਨੂੰ ਵਿਅਕਤੀ ਦੇ ਨਿਰਮਾਣ ਤੇ ਵਾਧੇ ਵਿਚ ਉਸ ਦੀਆਂ ਇੱਛਾਵਾਂ , ਮਾਨਸਿਕ ਉਲਝਣਾਂ ਅਤੇ ਚਿੰਤਾਵਾਂ ਦੇ ਸੰਮਿਲਨ ਦੇ ਵਰਤਾਰੇ ਨੂੰ ਸਮਝਣੋਗ ਬਣਾਉਂਦੇ ਹਨ। ਇਕ ਵਿਅਕਤੀ ਦੇ ਵਿਚਾਰ, ਭਾਵਨਾਵਾਂ , ਯੋਗਤਾਵਾਂ ਅਤੇ ਹੋਰ ਬੌਧਿਕ ਕਾਰਜ ਉਸਦੇ ਰਵੱਈਏ , ਵਿਹਾਰ ਅਤੇ ਕਾਰਜ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਦੇ ਹਨ। ਇਹ ਕਾਰਜ ਵਿਅਕਤੀ ਦੀ ਸੋਚਣੀ ਤੇ ਦਿਨ ਪ੍ਰਤੀ ਦਿਨ ਦੇ ਜੀਵਨ ਦੇ ਫੇਸਲਿਆਂ ਤੇ ਸਬੰਧਾਂ ਨੂੰ ਪ੍ਰਭਾਵਿਤ ਕਰਦੇ ਹਨ। ਇਕ ਵਿਅਕਤੀ ਵਿਚ ਸਮੱਰਥਾਵਾਂ ਤੇ ਲੱਛਣ ਉਸਨੂੰ ਵਿਰਸੇ ਅਤੇ ਵਾਤਾਵਰਣ ਵਿਚੋਂ ਪ੍ਰਾਪਤ ਹੁੰਦੇ ਹਨ। ਉੱਚ ਬੌਧਿਕ ਪੱਧਰ, ਸਰੀਰਕ ਤੇ ਸਵੈ - ਭਰੋਸੇ ਵਰਗੀਆਂ ਯੋਗਤਾਵਾਂ ਮਨੁੱਖ ਦੀ ਸਮਾਜਿਕ ਅਤੇ ਨਿੱਜੀ ਜ਼ਿੰਦਗੀ ਦੇ

ਵਿਵਹਾਰ ਬਾਰੇ ਦੱਸਦੀਆਂ ਹਨ। ਇਸ ਤਰ੍ਹਾਂ ਹੀ ਸਕਾਰਾਤਮਕ ਅਤੇ ਨਕਾਰਾਤਕਮਕ ਰਵੱਈਆ , ਵਿਚਾਰ ਅਤੇ ਭਾਵਨਾਵਾਂ ਦੀ ਵਿਅਕਤੀ ਦੇ ਨਿਰਮਾਣ ਨੂੰ ਪ੍ਰਭਾਵਿਤ ਕਰਦੇ ਹਨ।

**2. ਸਮਾਜ ਵਿਗਿਆਨਕ ਨਿਰਧਾਰਕ :** ਇਹ ਵਿਅਕਤੀ ਨੂੰ ਇਕ ਵਿਅਕਤੀ ਸਮੂਹ ਵਿਚ ਸਥਾਨ, ਵਿਅਕਤੀ ਸਮੂਹ ਵਿਚ ਉਸ ਦੀ ਭੂਮਿਕਾ ਸਬੰਧੀ ਵਿਚਾਰ ਆਦਿ ਪੱਖਾਂ ਦੇ ਆਧਾਰ ਤੇ ਰੱਖ ਕੇ ਵੇਖਦੀ ਹੈ।ਸਾਡੇ ਬਾਰੇ ਹੋਰ ਕੀ ਸੋਚਦੇ ਹਨ, ਇਹ ਗੱਲ ਵਿਅਕਤੀ ਦੇ ਨਿਰਮਾਣ ਵਿਚ ਵੱਡੀ ਭੂਮਿਕਾ ਰੱਖਦੀ ਹੈ ।ਇਕ ਵਿਅਕਤੀ ਦੀ ਸਖਸ਼ੀਅਤ ਉਸ ਦੀ ਸਮੂਹ ਵਿਚ ਭਾਗੀਦਾਰੀ ਤੋਂ ਹੀ ਬਣਦੀ ਹੈ , ਭਾਵ ਜਿਹੀ ਸੰਗਤ ਤਿਹੀ ਰੰਗਤ। ਇਕ ਸਮੂਹ ਦੇ ਮੈਂਬਰ ਵਜੋਂ ਵਿਅਕਤੀ ਨਿਸ਼ਚਿਤ ਪ੍ਰਕਾਰ ਦਾ ਵਿਹਾਰਕ ਰਵੱਈਆ ਅਤੇ ਪ੍ਰਤੀਕਮਈ ਕੋਸ਼ਲ ਸਿੱਖਦਾ ਹੈ ਜੋ ਕਿ ਉਸ ਦੇ ਵਿਚਾਰਾਂ , ਰੁਝਾਨਾਂ ਅਤੇ ਸਮਜਿਕ ਕਦਰਾਂ – ਕੀਮਤਾਂ ਨੂੰ ਨਿਰਧਾਰਿਤ ਕਰਦਾ ਹੈ। ਇਕ ਵਿਅਕਤੀ ਦੀ ਸਖਸ਼ੀਅਤ ਉਸਦੀ ਬਾਹਰੀ ਸੰਸਾਰ ਪ੍ਰਤੀ ਅੰਦਰੂਨੀ ਭਾਵ – ਰਚਨਾ ਨੂੰ ਵਿਅਕਤ ਕਰਦੀ ਹੈ। ਇਹ ਅੰਤਰ ਕਿਰਿਆ ਦੀ ਹੀ ਪ੍ਰਕਿਰਿਆ ਹੈ ਜਿਸ ਦੇ ਮਾਣਕਾਂ ਦੁਆਰਾ ਸਮਾਜਿਕ ਸਮੂਹਾਂ ਤੇ ਸਮੁਦਾਵਾਂ ਵਿਚ ਨੈਤਿਕ ਖਿਆਲ , ਵਿਸ਼ਵਾਸ ਅਤੇ ਆਚਰਨ ਪੈਦਾ ਹੁੰਦੇ ਹਨ । ਇਸ ਤਰ੍ਹਾਂ ਵਿਅਕਤੀ ਦੇ ਨਿਰਮਾਣ ਵਿਚ ਸਮਾਜ ਅਤੇ ਸੱਭਿਆਚਾਰ ਮਹੱਤਵਪੂਰਨ ਸਥਾਨ ਰੱਖਦਾ ਹੈ।

**ਇਹਨਾਂ ਨਿਰਧਾਰਕਾਂ ਦੇ ਵਿਅਕਤੀ ਦੇ ਨਿਰਮਾਣ ਉਪਰ ਹੇਠ ਲਿਖੇ ਪ੍ਰਭਾਵ ਹਨ :**

**ੳ) ਸੱਭਿਆਚਾਰ :** ਇਹ ਤੱਥ ਵਧੇਰੇ ਸਹੀ ਹੈ ਕਿ ਜਿਸ ਸੱਭਿਆਚਾਰ ਵਿਚ ਵਿਅਕਤੀ ਰਹਿੰਦਾ ਹੈ, ਉਸਨੂੰ ਇਹ ਪ੍ਰਭਾਵਿਤ ਕਰਦਾ ਹੈ। ਫਰੈਂਕ ਅਨੁਸਾਰ ਸੱਭਿਆਚਾਰ ਮਨੁੱਖੀ ਸਮੁਦਾਇਕ ਜੀਵਨ ਦੇ ਲੱਛਣਾ , ਉਸਦੇ ਵਿਚਾਰਾਂ , ਧਾਰਨਾਵਾਂ ਅਤੇ ਵਿਸ਼ਵਾਸ਼ਾਂ ਉੱਪਰ ਪ੍ਰਧਾਨ ਹੁੰਦਾ ਹੈ ਅਤੇ ਉਸ ਉੱਪਰ ਦਾਬਾ ਰੱਖਦਾ ਹੈ, ਜਿਸ ਨਾਲ ਸ਼ਖ਼ਸੀਅਤ ਵਿਚ ਬਦਲਾਅ ਆਉਦਾ ਹੈ। ਸੱਭਿਆਚਾਰ ਮਨੁੱਖੀ ਜੀਵਨ ਲਈ ਕੱਚਾ ਮਾਲ ਮਹੁਈਆ ਕਰਾਉਂਦਾ ਹੈ। ਜਨਮ ਸਮੇਂ ਤੋ ਹੀ ਬੱਚੇ ਦੀ ਸ਼ਖ਼ਸੀਅਤ ਪ੍ਰਭਾਵ ਗ੍ਰਹਿਣ ਕਰਦੀ ਹੈ। ਹਰੇਕ ਸੱਭਿਆਚਾਰ ਵਿਚ ਹੀ ਅਜਿਹੇ ਪ੍ਰਭਾਵੀ ਤੱਤ ਨਿਹਿਤ ਹੁੰਦੇ ਹਨ ਜੋ ਉਸਦੇ ਲੋਕਾ ਉਪਰ ਪ੍ਰਭਾਵ ਪਾਉਂਦੇ ਹਨ।ਆਗਬਰਨ ਨੇ ਸੱਭਿਆਚਾਰ ਨੂੰ ਪਦਾਰਥਕ ਤੇ ਗੈਰ ਪਦਾਰਥਕ ਭਾਗਾਂ ਵਿਚ ਵੰਡਿਆ ਹੈ। ਦੋਵੇ ਤਰ੍ਹਾਂ ਦੇ ਇਹ ਸੱਭਿਆਚਾਰਕ ਤੱਤ ਵਿਅਕਤੀ ਉਪਰ ਅਸਰ ਪਾਉਂਦੇ ਹਨ।

**ਅ) ਭਾਸ਼ਾ :** ਭਾਸ਼ਾ ਕੇਵਲ ਸਮਾਜ ਵਿਚ ਰਹਿ ਕੇ ਹੀ ਸਿੱਖੀ ਜਾ ਸਕਦੀ ਹੈ। ਜਿਹੜੇ ਲੋਕ ਨਹੀਂ ਬੋਲ ਸਕਦੇ, ਉਹਨਾਂ ਦੀ ਸ਼ਖ਼ਸੀਅਤ ਵਿਚ ਵਿਗਾੜ ਹੁੰਦਾ ਹੈ। ਇਸ ਤਰ੍ਹਾਂ ਭਾਸ਼ਾ ਮਨੁੱਖੀ ਜਾਣਕਾਰੀ ਅਤੇ ਰੁਝਾਨਾਂ ਦੀਆਂ ਪ੍ਰਾਪਤੀ ਲਈ ਲੋੜੀਂਦਾ ਮਾਧਿਅਮ ਹੈ। ਇਸ ਲਈ ਇਹ ਸ਼ਖ਼ਸੀਅਤ ਵਿਕਾਸ ਲਈ ਵੀ ਜ਼ਰੂਰੀ ਵਾਹਕ ਹੈ ।

**ੲ) ਬੋਲ–ਬਾਣੀ :** ਕਿਸੇ ਵਿਅਕਤੀ ਦੀ ਬੋਲ ਬਾਣੀ ਜਾਂ ਉਚਾਰ ਉਸ ਨੂੰ ਦਰਸਾਉਣ ਵਾਲਾ ਅਹਿਮ ਲੱਛਣ ਹੈ। ਇਕ ਵਿਅਕਤੀ ਦੀ ਖਰ੍ਹਵੀਂ ਅਵਾਜ਼ ਤੇ ਇਕ ਸ਼ਾਂਤਮਈ ਵਿਅਕਤੀ ਦੀ ਸੁਰਮਈ ਅਵਾਜ਼ ਵਿਚਲੀ ਭਿੰਨਤਾ ਦਾ ਸਹਿਜੇ ਹੀ ਪਤਾ ਲੱਗ ਜਾਂਦਾ ਹੈ ।

**ਸ) ਧਰਮ :** ਧਰਮ ਕੇਵਲ ਪਦਾਰਥ ਉੱਪਰ ਹੀ ਨਹੀ ਬਲਕਿ ਆਤਮਿਕ ਅਤੇ ਧਾਰਮਿਕ ਪੱਖ ਉਪਰ ਵੀ ਜ਼ੋਰ ਦਿੰਦਾ ਹੈ ।ਕਿਸੇ ਵੀ ਪਰਿਵਾਰ ਵਿਚ ਪੈਦਾ ਹੋਇਆ ਬੱਚਾ ਧਾਰਮਿਕ ਅਤੇ ਦਾਰਸ਼ਨਿਕ ਮਾਹੋਲ ਵਿਚ ਪਲਦਾ ਹੈ ਅਤੇ ਉਸ ਅਨੁਸਾਰ ਸੰਸਕਾਰਾਂ ਵਿਚ ਰਹਿਣਾ ਸਿੱਖਦਾ ਹੈ ।

**ਹ) ਸਮਾਜ :** ਇਕ ਵਿਅਕਤੀ ਸੰਪੂਰਨ ਰੂਪ ਵਿਚ ਸਮਾਜ ਵਿਚੋਂ ਹੀ ਆਪਣੀ ਸੰਪੂਰਨ ਸ਼ਖ਼ਸੀਅਤ ਉਸਾਰੀ ਗ੍ਰਹਿਣ ਕਰਦਾ ਹੈ। ਸਮਾਜ ਮਰਦਾਂ ਔਰਤਾਂ ਨੂੰ ਆਪਸ ਵਿਚ ਜੋੜ ਕੇ ਰੱਖਣ ਵਾਲਾ ਸਮਾਜਿਕ ਰਿਸ਼ਤਿਆਂ ਵਾਲਾ ਤਾਣਾ ਬਾਣਾ ਹੈ।ਵਿਅਕਤੀ ਦੀਆਂ ਭੁਮਿਕਾਵਾਂ ਅਤੇ ਕਾਰਜ ਪ੍ਰਣਾਲੀ ਸਮਾਜ ਵਿੱਚ ਵਿਸ਼ੇਸ਼ ਹੁੰਦੇ ਹਨ, ਜੋ ਕਿ ਉਸਦਾ ਪੱਧਰ ਨਿਰਧਾਰਿਤ ਕਰਦੇ ਹਨ।ਸਮਾਜਿਕ ਨਿਯੰਤਰਣ ਮਨੁੱਖ ਪਰੰਪਰਾਵਾਂ , ਮਿੱਥਾਂ , ਪੌਰਾਣਿਕ ਕਾਹਣੀਆ ਅਤੇ ਰੀਤੀ ਰਿਵਾਜਾਂ ਤੋ ਸਿੱਖਦਾ ਹੈ।ਸਮਾਜਿਕ ਨੇਮ ਪ੍ਰਬੰਧ ਮਨੁੱਖ ਦੇ ਰਵੱਈਏ ਨੂੰ ਪ੍ਰਭਾਵਿਤ ਕਰਦਾ ਹੈ। ਇਸ ਤਰ੍ਹਾਂ ਸਮਾਜ ਵਿਅਕਤੀ ਦੀ ਪਛਾਣ ਨੂੰ ਪਰਿਭਾਸ਼ਿਤ ਕਰਨ ਵਿਚ ਲੋੜੀਂਦੀ ਭੂਮਿਕਾ ਅਦਾ ਕਰਦਾ ਹੈ।

**ਕ) ਮਾਪਿਆਂ ਦਾ ਪ੍ਰਭਾਵ :** ਮਾਪੇ ਬੱਚੇ ਦੇ ਗਲਤ ਅਤੇ ਸਹੀ ਕੰਮਾਂ , ਵਿਸ਼ਵਾਸਾਂ ਆਦਿ ਨੂੰ ਨਿਰਧਾਰਿਤ ਕਰਨ ਵਿਚ ਭੂਮਿਕਾ ਨਿਭਾਉਂਦੇ ਹਨ। ਇਹੀ ਕਦਰਾਂ ਕੀਮਤਾਂ ਵਿਅਕਤੀ ਦੇ ਜੀਵਨ ਭਰ ਵਿਚ ਰਹਿੰਦੀਆਂ ਹਨ। ਜੇਕਰ ਮਾਪੇ ਦਿਆਲੂ, ਸਹਿਣਸ਼ੀਲ , ਖੇਡਾਂ ਵਿਚ ਰੁਚੀ ਰਖਣ ਵਾਲੇ ਅਤੇ ਬੱਚਿਆਂ ਨੂੰ ਵੱਖਰੀ ਤਰ੍ਹਾਂ ਦੀਆਂ ਰੁੱਚੀਆਂ ਲਈ ਪ੍ਰੇਰਿਤ ਕਰਨ ਵਾਲੇ ਹੋਣਗੇ ਤਾਂ ਉਨ੍ਹਾਂ ਦਾ ਉਹਨਾਂ ਦੇ ਬੱਚਿਆਂ ਦੀ ਸ਼ਖ਼ਸੀਅਤ ਉਪਰ ਵੀ ਚੰਗਾ ਅਸਰ ਪਵੇਗਾ ਪਰ ਜੇਕਰ ਮਾਪੇ ਲੜਾਕੂ ਗੁਸੈਲ ਅਤੇ ਮਨਮਾਨੀਆਂ ਕਰਨ ਵਾਲੇ ਹੋਣਗੇ ਤਾਂ ਉਨ੍ਹਾਂ ਦੇ ਬੱਚਿਆਂ ਉਪਰ ਮਾੜਾ ਅਸਰ ਪਵੇਗਾ।

**ਖ) ਸਮਾਜਿਕ ਸੰਸਕਾਰਾਂ ਦਾ ਪ੍ਰਭਾਵ** : ਬੱਚੇ ਵਿਚ ਸਮਾਜਿਕ ਸੰਸਕਾਰ ਬਾਕੀ ਲੋਕਾਂ ਦੇ ਨਾਲ ਨਾਲ ਪਰਿਵਾਰਾਂ ਕੋਲੋਂ ਵੀ ਆਉਂਦੇ ਹਨ ਬੱਚੇ ਆਪਣੇ ਮਾਪਿਆਂ ਦੀ ਹੀ ਭਾਸ਼ਾ ਬੋਲਦੇ ਹਨ।ਹਰੇਕ ਬੱਚੇ ਦੀਆਂ ਮਨੋਵਿਗਿਆਨਕ ਅਤੇ ਭਾਵਨਾਤਮਕ ਸਮਾਯੋਜਨ ਦੀਆਂ ਸਮੱਸਿਆਵਾਂ ਉਸ ਦੇ ਮਾਪਿਆਂ ਦੀਆਂ ਸੱਭਿਆਚਾਰਕ ਕਦਰਾਂ –ਕੀਮਤਾਂ ਅਤੇ ਪੱਧਰ ਅਨੁਸਾਰ ਹੀ ਹੱਲ ਕੀਤੀਆਂ ਜਾ ਸਕਦੀਆਂ ਹਨ । ਪਰਿਵਾਰ ਦੇ ਪੱਧਰ ਦੇ ਆਧਾਰ ਤੇ ਹੀ ਬੱਚਾਂ ਆਪਣੇ ਮਿੱਤਰਾਂ ਤੇ ਅਧਿਆਪਕਾਂ ਨਾਲ ਪੇਸ਼ ਆਵੇਗਾ। ਇਸ ਤਰ੍ਹਾਂ ਉਸਦੇ ਮਿੱਤਰਾ ਤੇ ਅਧਿਆਪਕ ਵੀ ਉਸ ਦੀ ਉਸਾਰੀ ਨੂੰ ਨਿਰਧਾਰਿਤ ਕਰਦੇ ਹਨ

**ਗ) ਸਮੂਹ ਦਾ ਪ੍ਰਭਾਵ :** ਬਚਪਨ ਦੇ ਮੁੱਢਲੇ ਸਾਲਾਂ ਵਿਚ ਬੱਚੇ ਉਪਰ ਉਸਦੇ ਸਮੂਹ ਦਾ ਵਧੇਰੇ ਪ੍ਰਭਾਵ ਪੈਂਦਾ ਹੈ।ਇਸ ਸਮੇਂ ਦੋਰਾਨ ਉਸ ਦੇ ਮਾਂ , ਪਿਉ ਅਤੇ ਭੇਣਾਂ ਭਰਾਵਾਂ ਨਾਲ ਸਬੰਧ ਦੁਆਰਾ ਉਸਦੇ ਭਾਵਾ , ਅਚੇਤ ਮਨ ਤੇ ਰਵੱਈਏ ਉਪਰ ਅਸਰ ਪੈਂਦਾ ਹੈ। ਇਸ ਦੇ ਨਾਲ ਕਦੇ ਕਦਾਈਂ ਬੱਚੇ ਦੇ ਮਿੱਤਰਾਂ – ਬੇਲੀਆਂ ਦਾ ਪ੍ਰਭਾਵ ਵੀ ਉਸ ਦੀਆਂ ਕਿਰਿਆਵਾਂ ਦੀ ਸ਼ਮੂਲੀਅਤ ਦੀ ਰੁਚੀ ਨੂੰ ਨਿਰਧਾਰਿਤ ਕਰਦਾ ਹੈ ।ਉਸਦਾ ਸਮੂਹ ਨਾਲ ਤਾਲਮੇਲ ਹੀ ਉਸਦੇ ਵਿਅਕਤੀਤਵ ਨੂੰ ਬਦਲਦਾ ਹੈ। ਜੇਕਰ ਬੱਚਾ ਸਮੂਹ ਤੋਂ ਪਰ੍ਹੇ ਰਹੇਗਾ ਤਾਂ ਉਸ ਦੀ ਸਖਸ਼ੀਅਤ ਅਜੀਬ ਹੀ ਬਣ ਜਾਵੇਗੀ। ਬੱਚਾ ਜਿਵੇਂ ਜਿਵੇਂ ਵੱਡਾ ਹੁੰਦਾ ਹੈ, ਉਸ ਅੰਦਰ ਪਛਾਣ ਦੀ ਇੱਛਾ ਵੀ ਤਤਪਰ ਹੁੰਦੀ ਹੈ। ਇਸ ਨਾਲ ਉਸ ਦੀਆਂ ਅੰਗੀ ਸਰੀਰਕ ਲੋੜਾਂ ਵੱਧ ਜਾਂਦੀਆਂ ਹਨ ਜਿੰਨ੍ਹਾ ਨੂੰ ਸਮਾਜ ਉਤਪਾਦ ਲੋੜਾਂ ਕਹਿੰਦੇ ਹਨ, ਇਹ ਲੋੜਾਂ ਵਿਅਕਤੀ ਨਿਰਮਾਣ ਲਈ ਪ੍ਰੇਰਕ ਸ਼ਕਤੀ ਦਾ ਕਾਰਜ ਕਰਦੀਆਂ ਹਨ

**3. ਵਾਤਾਵਰਨਿਕ ਨਿਰਧਾਰਕ :** ਭੁਗੋਲਿਕ ਵਾਤਾਵਰਨ ਦੁਆਰਾ ਕਦੇ ਕਦਾਈਂ ਸੱਭਿਆਚਾਰਕ ਵਿਭਿੰਨਤਾ ਪ੍ਰਭਾਵਿਤ ਹੁੰਦੀ ਹੈ ਇਸਕੀਮੋ ਲੋਕਾਂ ਦਾ ਸੱਭਿਆਚਾਰ ਹੋਰਾਂ ਭਾਰਤੀ ਲੋਕਾਂ ਤੋ ਭੁਗੋਲਿਕ ਵੱਖਰਤਾ ਕਾਰਨ ਵੀ ਭਿੰਨ ਹੈ । ਮਨੁੱਖ ਦੇ ਵਿਚਾਰ ਤੇ ਉਸਦਾ ਰਵੱਈਆ ਉਸਦੇ ਆਲੇ ਦੁਆਲੇ ਦੇ ਭੋਤਿਕ ਵਾਤਾਵਰਨ ਦੁਆਰਾ ਹੀ ਬਣਦਾ ਹੈ ਭੋਤਿਕ ਵਾਤਾਵਰਨ ਹੀ ਕਿਸੇ ਸੱਭਿਆਚਾਰਕ ਵਿਕਾਸ ਨੂੰ ਨਿਰਧਾਰਿਤ ਕਰਦਾ ਹੈ ਜਿਸ ਦੁਆਰਾ ਵਿਅਕਤੀ ਦਾ ਨਿਰਮਾਣ ਹੁੰਦਾ ਹੈ। ਦੋ ਕੁ ਹਜ਼ਾਰ ਸਾਲ ਪਹਿਲਾਂ ਅਰਸਤੂ ਨੇ ਇਹ ਦਾਆਵਾ ਕੀਤਾ ਸੀ ਕਿ ਉਤਰੀ ਯੂਰਪ ਵਿਚ ਠੰਢੇ ਜਲਵਾਯੂ ਵਿਚ ਰਹਿਣ ਵਾਲੇ ਲੋਕ ਉਂਝ ਤਾਂ ਚੜ੍ਹਦੀਕਲਾ ਵਿਚ ਹਨ ਪਰ ਬੁੱਧੀ ਅਤੇ ਕੋਸ਼ਲ ਪੱਖੋਂ ਹੀਣੇ ਹਨ। ਦੂਜੇ ਪਾਸੇ ਏਸ਼ੀਆ ਦੇ ਵਸਨੀਕ ਬੌਧਿਕ ਤੌਰ ਤੇ ਤੇਜ ਤੇ ਖੋਜੀ ਹਨ ਪਰ ਉਹਨਾਂ ਵਿਚ ਹੌਸਲਾ ਨਹੀ ਹੈ, ਜਿਸ ਕਰਕੇ ਉਹ ਗੁਲਾਮ ਹਨ । ਭੋਤਿਕ ਸਥਿਤੀਆਂ ਪ੍ਰੇਰਣਾਥਕ ਕਾਰਕਾਂ ਤੋਂ ਵਧੇਰੇ ਖੁੱਲ੍ਹੇ ਦੇਣ ਵਾਲੀਆਂ ਤੇ ਸੀਮਤ ਹੋਣ ਕਾਰਨ ਵਿਅਕਤੀ ਦੇ ਵਿਕਸਿਤ ਹੋਣ ਦਾ ਦਾਇਰਾ ਸੀਮਤ ਕਰਦੀਆਂ ਹਨ। ਇਸ ਤਰ੍ਹਾ ਜਲਵਾਯੂ ਅਤੇ ਭੁਗੋਲਿਕ ਰੂਪ ਰੇਖਾ ਬਹੁਤ ਹੱਦ ਤੱਕ ਲੋਕਾਂ ਤੇ ਸਰੀਰਕ ਤੇ ਮਾਨਸਿਕ ਲੱਛਣਾਂ ਨੂੰ ਨਿਰਧਾਰਿਤ ਕਰਦੇ ਹਨ, ਪਰ ਇਹ ਇਕੱਲੇ ਹੀ ਮਨੁੱਖੀ ਵਿਵਹਾਰ ਨੂੰ ਨਿਰਧਾਰਿਤ ਕਰਨ ਵਾਲੇ ਕਾਰਕ ਨਹੀ ਹਨ।

**4. ਜੀਵ ਵਿਗਿਆਨਕ ਨਿਰਧਾਰਕ :** ਵਿਰਸਾ ਜਾਂ ਜੱਦ ਵਿਅਕਤੀ ਦੇ ਨਿਰਮਾਣ ਦਾ ਇਕ ਹੋਰ ਕਾਰਕ ਹੈ। ਹਰੇਕ ਮਨੁੱਖੀ ਸਮੂਹ ਦੀਆਂ ਬਾਕੀ ਸਮੂਹਾਂ ਵਰਗੀਆਂ ਜੈਵਿਕ ਲੋੜਾਂ ਅਤੇ ਯੋਗਤਾਵਾਂ ਹੁੰਦੀਆਂ ਹਨ । ਇਹ ਸਾਂਝੀਆਂ ਲੋੜਾਂ ਅਤੇ ਯੋਗਤਾਵਾਂ ਹੀ ਸਾਨੂੰ ਸਮਾਨਤਾਵਾਂ ਕਾਰਨ ਇਕ ਵਿਅਕਤੀ ਵਜੋਂ ਦਰਸਾਉਂਦੀਆਂ ਹਨ।ਇਕ ਮਨੁੱਖੀ ਜੀਵਨ ਨਰ ਅਤੇ ਮਾਦਾ ਸੁਕਰਾਣੂਆ ਦੇ ਸ਼ੰਯੋਗ ਤੋਂ ਗਰਭ ਵਿਚ ਬਣੇ ਭਰੂਣ ਤੋਂ ਪੈਦਾ ਹੁੰਦਾ ਹੈ। ਇਹ ਭਰੂਣ ਸਰੀਰਕ ਦਿੱਖ ਅਤੇ ਬੌਧਿਕ ਪੱਖ ਤੋਂ ਆਪਣੇ ਮਾਪਿਆਂ ਵਰਗਾ ਹੁੰਦਾ ਹੈ। ਨਾੜੀ ਪ੍ਰਣਾਲੀ , ਅੰਗਾਂ ਦਾ

ਢਾਂਚਾ ਅਤੇ ਗ੍ਰੰਥੀਆਂ ਇਕ ਵਿਅਕਤੀ ਦਾ ਮੂਲ ਅਧਾਰ ਹੁੰਦੀਆਂ ਹਨ। ਇਹ ਤੱਤ ਇਕ ਵਿਅਕਤੀ ਦੇ ਨਰੋਏ ਜਾਂ ਬੀਮਾਰ ਹੋਣ , ਚੁਸਤ ਜਾ ਸੁਸਤ ਹੋਣ, ਬੁੱਧੂ ਜਾ ਸਿਆਣਾ ਹੋਣ, ਡਰਪੋਕ ਜਾ ਬਹਾਦਰ ਹੋਣ ਬਾਰੇ ਤੈਅ ਕਰਦੇ ਹਨ।

1) **ਸਿਹਤਮੰਦ ਸਰੀਰ :** ਜਿਹੜੇ ਵਿਅਕਤੀ ਦੀ ਸਿਹਤ ਤੇ ਸਰੀਰ ਵਧੀਆ ਹੁੰਦਾ ਹੈ ਉਹ ਆਕਰਸ਼ਕ ਲੱਗਦਾ ਹੈ ਪਰ ਮਾੜੀ ਸਿਹਤ, ਗਿੱਠੇ ਆਕਾਰ ਤੇ ਭੱਦੇ ਸਰੀਰਿਕ ਲੱਛਣਾਂ ਕਾਰਨ ਵਿਅਕਤੀ ਅੰਦਰ ਹੀਣ ਭਾਵਨਾਂ ਆ ਜਾਂਦੀ ਹੈ ।

2) **ਨਾੜੀ–ਤੰਤਰ ਅਤੇ ਗ੍ਰੰਥੀਆਂ :** ਨਾੜੀ ਤੰਤਰ ਇਕ ਵਿਅਕਤੀ ਦੀ ਬੁੱਧੀ ਤੇ ਕੌਸ਼ਲ ਨੂੰ ਪ੍ਰਭਾਵਿਤ ਕਰਦਾ ਹੈ ਹਾਰਮੋਨਜ਼ ਦਾ ਵਿਅਕਤੀ ਦੇ ਸਰੀਰਕ ਵਾਧੇ ਉਪਰ ਅਸਰ ਪੈਂਦਾ ਹੈ ਹਾਰਮੋਨਜ਼ ਦਾ ਘੱਟ ਜਾ ਵਧੇਰੇ ਰਿਸਾਵ ਖਤਰਨਾਕ ਹੋ ਸਕਦਾ ਹੈ । ਕੁੱਝ ਲੋਕ ਇਸੇ ਕਾਰਨ ਬੇਸਬਰੇ , ਵਧੇਰੇ ਈਰਖਾਲੂ, ਵਧੇਰੇ ਚਤੁਰ ਅਤੇ ਵਧੇਰੇ ਉਤਸ਼ਾਹਿਤ ਹੁੰਦੇ ਹਨ ਤੇ ਕੁੱਝ ਸੁਸਤ , ਢਹੇ ਅਤੇ ਕਮਜ਼ੋਰ ਹੁੰਦੇ ਹਨ। ਪਹਿਲੀ ਸਥਿਤੀ ਹਾਰਮੋਨਜ਼ ਦੇ ਵਧੇਰੇ ਰਿਸਾਵ ਕਾਰਨ ਅਤੇ ਦੂਜੀ ਸਥਿਤੀ ਘੱਟ ਰਿਸਾਵ ਕਾਰਨ ਪੈਦਾ ਹੁੰਦੀ ਹੈ ।

3) **ਜੀਨ :** ਵਿਰਸਾ ਵਿਅਕਤੀ ਨੂੰ ਅਸਿੱਧੇ ਤਰੀਕੇ ਨਾਲ ਪ੍ਰਭਾਵਿਤ ਕਰਦਾ ਹੈ। ਇਸ ਪਿੱਛੇ ਵਿਅਕਤੀ ਦੇ ਜੀਨ ਉਸ ਦੀ ਪ੍ਰਕਿਰਿਆ ਤੇ ਬਣਤਰ ਪਿੱਛੇ ਜ਼ਿੰਮੇਵਾਰ ਹੁੰਦੇ ਹਨ। ਇਕੋ ਵਾਤਾਰਵਰਨ ਵਿਚ ਰਹਿੰਦੇ ਪਰਿਵਾਰ ਦੇ ਮੈਂਬਰਾਂ ਵਿਚ ਕਈ ਤਰ੍ਹਾਂ ਦੇ ਵਿਅਕਤੀਗਤ ਅੰਤਰ ਵੇਖ ਸਕਦੇ ਹਾਂ।ਇਹਨਾ ਵਿਭਿੰਨਤਾਵਾਂ ਦਾ ਸਿਹਰਾ ਜੀਨਾਂ ਦੇ ਯੋਗਦਾਨ ਨੂੰ ਜਾਂਦਾ ਹੈ। । ਮਾਨਵੀ ਕੌਸ਼ਲ , ਬੁੱਧੀ ਇੰਦਰੀਆਂ ਸਬੰਧੀ ਭਿੰਨਤਾਵਾ ਦੀਆਂ ਯੋਗਤਾਵਾਂ ਕੁੱਝ ਵਧੇਰੇ ਵਿਕਸਿਤ ਪਰਿਵਾਰਾਂ ਵਿਚ ਬਾਕੀ ਪਰਿਵਾਰਾਂ ਨਾਲ ਵਧੇਰੇ ਹੁੰਦੀਆਂ ਹਨ. ਪਰ ਕੁੱਝ ਲੱਛਣ ਜਿਵੇ ਕਿ ਵਿਸ਼ਵਾਸ , ਵਫਾਦਾਰੀ , ਪੱਖਪਾਤ ਅਤੇ ਗੁਣਾਂ ਸਬੰਧੀ ਹੋਰ ਬਹੁਤ ਕੁੱਝ ਸਿਖਲਾਈ ਅਤੇ ਤਜ਼ਰਬੇ ਵਿਚੋ ਹੀ ਹਾਸਿਲ ਹੁੰਦੇ ਹਨ ।ਵਿਰਸਾ ਕੇਵਲ ਸਮੱਗਰੀ ਮੁਹਈਆ ਕਰਾਉਂਦਾ ਹੈ ਜਿਸ ਵਿਚੋਂ ਤਜ਼ਰਬਾ ਵਿਅਕਤੀਤਵ ਨੂੰ ਬਦਲਦਾ ਹੈ। ਇਕ ਵਿਅਕਤੀ ਆਪਣੀ ਜੱਦ ਕਰਕੇ ਉੱਦਮੀ ਤਾਂ ਹੀ ਹੋ ਸਕਦਾ ਹੈ ਜੇਕਰ ਉਹ ਆਪ ਵੀ ਯਤਨ ਕਰੇ, ਇਸ ਤੋ ਇਲਾਵਾ ਸਿਖਲਾਈ ਦੁਆਰਾ ਵੀ ਵਿਅਕਤੀ ਦੀ ਕਾਰਗੁਜ਼ਾਰੀ ਉਪਰ ਅਸਰ ਪੈਂਦਾ ਹੈ।

6. **ਪ੍ਰਯੋਗਾਤਮਿਕ ਨਿਰਧਾਰਕ :** ਵਿਅਕਤੀ ਦੇ ਨਿਰਮਾਣ ਵਿਚ ਇਕ ਹੋਰ ਕਾਰਕ ਵੀ ਪ੍ਰਭਾਵ ਪਾਉਂਦਾ ਹੈ ਜਿਸ ਨੂੰ ਵਿਸ਼ੇਸ ਜਾ ਵਿਲੱਖਣ ਅਨੁਭਵ ਦਾ ਨਾਮ ਦਿੱਤਾ ਗਿਆ ਹੈ । ਅਜਿਹੇ ਅਨੁਭਵ ਦੋ ਤਰ੍ਹਾਂ ਦੇ ਹੁੰਦੇ ਹਨ। ਇਕ ਅਜਿਹੇ ਜਿਹੜੇ ਕਿਸੇ ਸਮੂਹ ਨਾਲ ਨਿਰੰਤਰ ਤਾਲਮੇਲ ਤੋਂ ਬਣਦੇ ਹਨ, ਅਤੇ ਦੂਜੇ ਉਹ ਜੋ ਕਦੇ ਕਦੇ ਸੰਪਰਕ ਰਾਹੀ ਹਾਸਿਲ ਹੁੰਦੇ ਹਨ। ਮਨੁੱਖੀ ਜੀਵਨ ਚੰਗੇ – ਮਾੜੇ ਅਨੁਭਵਾਂ ਦੇ ਸੰਗ੍ਰਹਿ ਦਾ ਨਾਮ ਹੈ। ਇਹੀ ਅਨੁਭਵ ਅਤੇ ਇਹਨਾਂ ਦੇ ਨਤੀਜੇ ਹੀ ਮਨੁੱਖੀ ਵਿਹਾਰ ਨੂੰ ਬਣਾਉਣ ਵਿਚ ਸਹਾਈ ਹੁੰਦੇ ਹਨ।

**ੳ) ਆਮ ਅਨੁਭਵ :** ਸਾਡੇ ਸਵੈਂ ਦੀ ਧਾਰਨਾ ਆਮ ਤੌਰ ਤੇ ਇਸ ਉਪਰ ਨਿਰਭਰ ਹੁੰਦੀ ਹੈ ਕਿ ਦੂਜੇ ਸਾਡੇ ਬਾਰੇ ਕੀ ਸੋਚਦੇ ਹਨ। ਅਸੀਂ ਉਹਨਾਂ ਵਿਚਾਰਾਂ ਨੂੰ ਹੀ ਵਧੇਰੇ ਮਹੱਤਵ ਦਿੰਦੇ ਹਾਂ ਜਿੰਨ੍ਹਾਂ ਪਿੱਛੇ ਕੋਈ ਤਰਕ ਹੁੰਦਾ ਹੈ ਜਾਂ ਜੋ ਵਿਚਾਰ ਵਧੇਰੇ ਮਹੱਤਵਪੂਰਨ ਹੁੰਦੇ ਹਨ।ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਵਿਅਕਤੀ ਦੇ ਨਿਰਮਾਣ ਵਿਚ ਉਸਦੇ ਆਰੰਭਿਕ ਅਨੁਭਵ ਸਹਾਈ ਹੁੰਦੇ ਹਨ। ਵਿਅਕਤੀ ਦੀ ਮੁੱਢਲੀ ਜ਼ਿੰਦਗੀ ਬਾਅਦ ਦੀ ਜ਼ਿੰਦਗੀ ਦਾ ਆਧਾਰ ਹੁੰਦੀ ਹੈ।

**ਅ) ਅਚਨਚੇਤੀ ਅਨੁਭਵ :** ਕਦੇ ਕਦੇ ਵਿਅਕਤੀ ਉਪਰ ਅਚਨਚੇਤ ਅਜਿਹਾ ਵਾਪਰਦਾ ਹੈ ਜਿਸਦੀ ਉਸ ਉਪਰ ਡੂੰਘੀ ਛਾਪ ਪੈਂਦੀ ਹੈ । ਜਿਸ ਤਰ੍ਹਾਂ ਇਕ ਛੋਟਾ ਬੱਚਾ ਕਿਸੇ ਖੂਨੀ ਘਟਨਾ ਨੂੰ ਵੇਖ ਲੈਂਦਾ ਹੈ ਤੇ ਉਸ ਅੰਦਰ ਘਟਨਾ ਤੋਂ ਬਾਅਦ ਵੀ ਸਹਿਮ ਬਣਿਆ ਰਹਿੰਦਾ ਹੈ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਵਿਅਕਤੀ ਸਮਾਜਿਕ ਸਥਿਤੀਆਂ ਦਾ ਸਿੱਟਾ ਹੁੰਦਾ ਹੈ

### 3.9 ਸਿੱਟਾ

ਸਮਾਜਿਕ ਵਿਗਿਆਨ ਦੇ ਖੋਜਾਰਥੀਆਂ ਨੇ ਦਰਸਾਇਆ ਹੈ ਕਿ ਵਿਅਕਤੀ ਇਕ ਸਥਿਤੀ ਵਿਚ ਇਮਾਨਦਾਰ ਹੋ ਸਕਦਾ ਹੈ ਪਰ ਦੂਜੀ ਵਿਚ ਨਹੀਂ। ਇਸ ਤਰ੍ਹਾਂ ਇਕ ਸ਼ਖ਼ਸੀਅਤ ਦੇ ਲੱਛਣ ਸਾਧਾਰਨ ਵਿਹਾਰਕ ਸੰਗਤੀਆਂ ਦੀ

ਬਜਾਇ ਖਾਸ ਸਥਿਤੀਆਂ ਅਨੁਸਾਰ ਹੀ ਉਭਰਦੇ ਹਨ। ਇਸ ਤਰ੍ਹਾਂ ਵਿਰਸਾ , ਭੌਤਿਕ ਵਾਤਾਵਰਨ , ਸੱਭਿਆਚਾਰ ਅਤੇ ਵਿਸ਼ੇਸ਼ ਅਨੁਭਵ ਅਜਿਹੇ ਚਾਰ ਕਾਰਕ ਹਨ ਜੋ ਵਿਅਕਤੀ ਦਾ ਨਿਰਮਾਣ , ਵਿਕਾਸ ਅਤੇ ਨਿਰਬਾਹ ਕਰਨ ਵਿਚ ਸਹਾਈ ਹੁੰਦੇ ਹਨ। ਕਿਸੇ ਸ਼ਖ਼ਸੀਅਤ ਲਈ ਅਨੁਵੰਸ਼ਿਕ ਜਾਂ ਪਿਤਾ ਪੁਰਖੀ ਕਾਰਜ ਵਧੇਰੇ ਪ੍ਰਭਾਵਕ ਹੋ ਸਕਦੇ ਹਨ ਜਦਕਿ ਦੂਜਿਆਂ ਲਈ ਵਾਤਾਵਰਨਿਕ ਕਾਰਕ (ਸੱਭਿਆਚਾਰਕ , ਆਰਥਿਕ) ਮਹੱਤਵਪੂਰਨ ਹੋ ਸਕਦੇ ਹਨ। ਅੱਜ ਤੱਕ ਅਜਿਹਾ ਕੋਈ ਪੈਮਾਨਾ ਨਹੀਂ ਹੈ ਜਿਸ ਨਾਲ ਵਿਅਕਤੀ ਨੂੰ ਪ੍ਰਭਾਵਿਤ ਕਰਨ ਵਾਲੇ ਇੱਕਲੇ–ਇੱਕਲੇ ਕਾਰਕ ਦਾ ਪਤਾ ਲਗਾਇਆ ਜਾ ਸਕੇ।

### 3.10 ਸੁਝਾਏ ਪ੍ਰਸ਼ਨ

1. ਪਛਾਣ ਅਤੇ ਵਿਅਕਤੀ ਤੋਂ ਤੁਹਾਡਾ ਕੀ ਭਾਵ ਹੈ।
2. ਵਿਅਕਤੀ ਦੀ ਪਛਾਣ ਦੇ ਨਿਰਮਾਣ ਵਿੱਚ ਵਿਰਸੇ ਅਤੇ ਵਾਤਾਵਰਨ ਦੀ ਕੀ ਭੂਮਿਕਾ ਹੁੰਦੀ ਹੈ।
3. ਵਿਅਕਤੀ ਦੇ ਨਿਰਮਾਣ ਦੇ ਵਿਭਿੰਨ ਨਿਰਧਾਰਕ ਤੱਤ ਕਿਹੜੇ ਕਿਹੜੇ ਹਨ।
4. ਵਿਅਕਤੀ ਦੇ ਨਿਰਮਾਣ ਉੱਪਰ ਸੱਭਿਆਚਾਰ ਕਿੰਨਾ ਕੁ ਪ੍ਰਭਾਵ ਪਾਉਂਦਾ ਹੈ।
5. ਪਛਾਣ ਦੀਆਂ ਵਿਸ਼ੇਸ਼ਤਾਵਾਂ ਤੇ ਵਿਚਾਰ ਕਰੋ।
6. ਪਛਾਣ ਦੇ ਨਿਰਮਾਣ ਦੇ ਨਿਰਧਾਰਕ ਤੱਤਾਂ ਦਾ ਵਰਨਣ ਕਰੋ।

### 3.11 Suggested Readings


1. Arnett, J.J. (2000). “Emerging adulthood: A theory of development from the late teens through the twenties”. *American Psychologist*, 57,774-783.
2. Broudy, H.S (1955). *Building a Philosophy of Education*, New Delhi: Prentice Hall of India.
3. Baron, R.A. (2012). *Psychology*. New Delhi: Prentice Hall of India Pvt. Ltd.
4. Bhattacharya, Srinibas (2000). *Sociological Foundations of Education*. New Delhi: Atlantic Publishers and Distributors.
5. Erikson, E.H. (1956). “The problem of ego identity”. *Journal of American Psychoanalytic Association*, 4, 56-121.
6. Brown, Francis J. (1954). *Educational Sociology*, New York: Prentice Hall of India.
7. Ottoway, A.K.C (1962). *Education and Society*, London: Routledge Kegan Paul.
8. Pathak, Avijit (2004). *Social Implications of Schooling: Knowledge, Pedagogy and Consciousness*. Rainbow Publishers : Noida
9. Hurn, C.J (1993). *Limits and Possibilities of Schooling: An Introduction to the Sociology of Education.* Boston: Allyn and Bacon.
10. M Carnoy, D Rhoten (2002). *What Does Globalization Mean for Educational Change? A comparative Approach*, Comparative Education Review.
11. Jack, G., & lorbievki, A. (2007). “National identity, globalization and the discursive construction of organizational identity”. *British Journal of Management,* 18, 79-94.

**ਪਾਠ ਨੰ: 1.4** **ਲੇਖਿਕਾ: ਡਾ. ਰੇਖਾ**

# ਵਿਸ਼ਵੀਕਰਨ ਦਾ ਪਛਾਣ – ਨਿਰਮਾਣ ਉੱਤੇ ਪ੍ਰਭਾਵ

**ਪਾਠ ਦੀ ਬਣਤਰ:**

4.1 ਉਦੇਸ਼
4.2 ਭੂਮਿਕਾ
4.3 ਵਿਸ਼ਵੀਕਰਨ ਦਾ ਅਰਥ ਅਤੇ ਸੰਕਲਪ
4.4 ਵਿਸ਼ਵੀਕਰਨ ਅਤੇ ਪਛਾਣ ਨਿਰਮਾਣ
4.5 ਪਛਾਣ ਨਿਰਮਾਣ ਉੱਪਰ ਵਿਸ਼ਵੀਕਰਨ ਦੇ ਪ੍ਰਭਾਵ
4.5.1 ਪਛਾਣ ਨਿਰਮਾਣ ਉੱਪਰ ਵਿਸ਼ਵੀਕਰਨ ਦੇ ਸਕਾਰਾਤਮਕ ਪ੍ਰਭਾਵ
4.5.2 ਪਛਾਣ ਨਿਰਮਾਣ ਉੱਪਰ ਵਿਸ਼ਵੀਕਰਨ ਦੇ ਨਕਾਰਾਤਮਕ ਪ੍ਰਭਾਵ
4.6 ਸਿੱਟਾ
4.7 ਸੁਝਾਏ ਪ੍ਰਸ਼ਨ
4.8 ਤਜਵੀਜ਼ਤ ਪਾਠ ਸਮੱਗਰੀ

**4.1 ਉਦੇਸ਼ :**

**ਇਹ ਪਾਠ ਪੜ੍ਹਨ ਤੋਂ ਬਾਅਦ ਵਿਅਕਤੀ ਇਹ ਸਮਝਣਯੋਗ ਹੋ ਜਾਵੇਗਾ ਕਿ:**

1. **ਵਿਸ਼ਵੀਕਰਨ ਕੀ ਹੁੰਦਾ ਹੈ ?**
2. **ਵਿਸ਼ਵੀਕਰਨ ਅਤੇ ਪਛਾਣ ਨਿਰਮਾਣ ਕਿਵੇਂ ਸੰਬੰਧਿਤ ਹਨ ?**
3. **ਵਿਸ਼ਵੀਕਰਨ ਦੇ ਪਛਾਣ ਨਿਰਮਾਣ ਉੱਤੇ ਕੀ ਪ੍ਰਭਾਵ ਪੈਂਦੇ ਹਨ ?**
4. **ਵਿਸ਼ਵੀਕਰਨ ਕਾਰਨ ਪੈਦਾ ਹੋਣ ਵਾਲੇ ਪਛਾਣ ਸੰਬੰਧੀ ਮੁੱਦੇ ਕਿਹੜੇ ਹਨ ?**

**4.2 ਭੂਮਿਕਾ :** ਅਜੋਕੇ ਸਮੇਂ ਵਿਚ ਸੰਸਾਰ ਪਹਿਲਾਂ ਨਾਲੋਂ ਇਕ ਦੂਸਰੇ ਨਾਲ ਜ਼ਿਆਦਾ ਸੰਪਰਕ ਵਿਚ ਹੈ। ਪਿਛਲੇ ਕੁੱਝ ਦਹਾਕਿਆਂ ਤੋ ਸੰਸਾਰ ਦੇ ਲਗਭਗ ਸਾਰੇ ਦੇਸ਼ਾਂ ਵਿਚ ਬੜੀ ਤੇਜ਼ੀ ਨਾਲ ਬਦਲਾਅ ਆ ਰਹੇ ਹਨ ਅਤੇ ਇਹ ਵਤੀਰਾ ਸਥਾਨਾਂ ਦੀਆਂ ਸਾਰੀਆਂ ਹੱਦਾਂ ਨੂੰ ਖਤਮ ਕਰ ਰਿਹਾ ਹੈ । ਵਿਸ਼ਵੀਕਰਨ ਦੇ ਸਮਰਥਕ ਇਸਦੇ ਅਰਥ ਇਸਦੇ ਵੱਖ-ਵੱਖ ਪ੍ਰਭਾਵ ਦੇ ਅਨੁਸਾਰ ਕੱਢਦੇ ਹਨ। ਆਮ ਤੌਰ ਤੇ ਵਿਸ਼ਵੀਕਰਨ ਦੇ ਆਰਥਿਕ, ਰਾਜਨੀਤਕਿ ਅਤੇ ਸਭਿਆਚਾਰਕ ਦੇ ਨਾਲ ਨਾਲ ਨੈਤਿਕ ਪੱਖ ਵੀ ਮਹੱਤਵਪੂਰਨ ਅਸਰ ਰੱਖਦੇ ਹਨ। ਵਿਸ਼ਵੀਕਰਨ ਦਾ ਸਮਾਜਿਕ ਪਛਾਣ ਬਣਾਉਣ ਲਈ ਸਮਾਜੀਕਰਨ ਦੀ ਪ੍ਰਕਿਰਿਆ ਤੇ ਬਹੁਤ ਪ੍ਰਭਾਵ ਪਿਆ ਹੈ ਅਤੇ ਵਿਅਕਤੀ ਦੀ ਪਛਾਣ ਪ੍ਰਤੀ ਸਮਝ ਨੂੰ ਵੀ ਇਸਨੇ ਬਹੁਤ ਪ੍ਰਭਾਵਿਤ ਕੀਤਾ ਹੈ। ਵਿਸ਼ਵੀਕਰਨ ਸੱਭਿਆਚਾਰ ਅੰਦਰ ਵਿਚਾਰਾਂ, ਵਸਤੂਆਂ ਅਤੇ ਵਿਅਕਤੀਆਂ ਦਾ ਬੇਮਿਸਾਲ ਗਤੀ ਅਤੇ ਮਾਤਰਾ ਵਿਚ ਪ੍ਰਵਾਹ ਹੈ ਅਤੇ ਇਸਦੀ ਕਿਸ਼ੋਰਾਂ ਅਤੇ ਉਭਰਦੇ ਹੋਏ ਬਾਲਗਪਨ ਦੀ ਪਹਿਚਾਣ - ਨਿਰਮਾਣ ਉਤੇ ਗਹਿਰਾ ਪ੍ਰਭਾਵ ਪੈਂਦਾ ਹੈ। ਅਜੋਕਾ ਯੁੱਗ ਵਿਗਿਆਨ ਅਤੇ ਤਕਨਾਲੋਜੀ ਦਾ ਯੁੱਗ ਬਣ ਗਿਆ ਹੈ । ਹੁਣ ਵਿਸ਼ਵੀਕਰਨ ਦੇ ਆਧੁਨਿਕ ਅਰਥਾਂ ਵਿੱਚ ਬਦਲਾਅ ਆਇਆ ਹੈ। ਆਵਾਜਾਈ ਅਤੇ ਸੰਚਾਰ ਦੇ ਸਾਧਨਾਂ ਨੇ ਦੇਸ਼ਾਂ ਵਿੱਚ ਨੇੜਤਾ ਲਿਆਂਦੀ ਹੈ ਅਤੇ ਹਰੇਕ ਦੇਸ਼ ਦੂਜੇ ਦੇਸ਼ ਤੋਂ ਪ੍ਰਭਾਵਿਤ ਹੋ ਰਿਹਾ ਹੈ। ਹੁਣ ਸਾਰੇ ਦੇਸ਼ ਜੀਵਨ ਦੇ ਹਰੇਕ ਖੇਤਰ ( ਸਮਾਜਿਕ, ਆਰਥਿਕ, ਰਾਜਨੀਤਿਕ, ਵਿਗਿਆਨ ਤੇ ਤਕਨਾਲੋਜੀ ) ਵਿਚ ਦੂਜੇ ਦੇਸ਼ਾਂ ਨਾਲ ਸਹਿਯੋਗ ਵਧਾਉਣਾ ਚਾਹੁੰਦੇ ਹਨ।

### 4.3 ਵਿਸ਼ਵੀਕਰਨ ਦਾ ਅਰਥ ਅਤੇ ਸੰਕਲਪ :

**ਅਰਨੈਟ** ਅਨੁਸਾਰ , ਵਿਸ਼ਵੀਕਰਨ ਇਕ ਸੱਭਿਆਚਾਰ ਆਦਾਨ ਪ੍ਰਦਾਨ ਦੀ ਪ੍ਰਕਿਰਿਆ ਦੇ ਰੂਪ ਵਿਚ ਸੰਸਾਰ ਦੇ ਲੋਕਾਂ ਲਈ ਨਵੀਂ ਨਹੀਂ ਹੈ।ਨਵੀਂ ਤਕਨੀਕ ਅਤੇ ਵਿਸ਼ਵ ਆਰਥਿਕਤਾ ਦੇ ਨਾਲ ਪਿਛਲੇ ਦਹਾਕੇ ਦੋਰਾਨ ਵਿਸ਼ਵੀਕਰਨ ਦਾ ਪ੍ਰਸਾਰ ਹੋ ਰਿਹਾ ਹੈ।

ਇਹ ਸਪੱਸ਼ਟ ਹੈ ਕਿ ਵਿਸ਼ਵੀਕਰਨ ਇੱਕ ਅਜਿਹਾ ਵਤੀਰਾ ਹੈ ਜੋ ਦੋ ਵਿਰੋਧੀ ਤਾਕਤਾਂ ਦਾ ਪ੍ਰਤੀਕ ਹੈ । ਇਕ ਪਾਸੇ ਇਹ ਆਰਥਿਕਤਾ ਦੇ ਵਿਸਥਾਰ ਅਤੇ ਤਕਾਨਲੋਜੀ ਦੀਆ ਨਵੀਆਂ ਖੋਜਾਂ ਦੀ ਗੱਲ ਕਰਦਾ ਹੈ ਅਤੇ ਦੂਸਰੇ ਪਾਸੇ ਇਸ ਨਾਲ ਅਸਮਾਨਤਾ ਵਿਚ ਵਾਧਾ , ਸੱਭਿਆਚਾਰਕ ਤੇ ਸਮਾਜਿਕ ਬੇਚੈਨੀ ਤੇ ਵਿਅਕਤੀਗਤ ਇਕੱਲਤਾ ਵਿਚ ਵਾਧਾ ਹੋਇਆ ਹੈ।

**ਸਿੱਖਿਆ ਸ਼ਬਦਕੋਸ਼** ਅਨੁਸਾਰ ਵਿਸ਼ਵੀਕਰਨ ਦਾ ਅਰਥ ਵਿਸ਼ਵਵਿਆਪੀ ਬਣਾ ਦੇਣਾ ਜਾਂ ਸਾਰੇ ਸੰਸਾਰੀ ਲੋਕਾਂ ਨੂੰ ਪ੍ਰਭਾਵਿਤ ਕਰਨਾ ਹੈ

**ਮਾਲਕਮ** ਅਨੁਸਾਰ ਵਿਸ਼ਵੀਕਰਨ ਇਕ ਸਮਾਜਿਕ ਪ੍ਰਕਿਰਿਆ ਹੈ ਜਿਸ ਵਿਚ ਬਿਨਾਂ ਕਿਸੇ ਰੁਕਾਵਟ ਦੇ ਲੋਕ ਹਰ ਤਰ੍ਹਾਂ ਨਾਲ ਜਾਗਰੂਕ ਹੋ ਰਹੇ ਹਨ ਅਤੇ ਉਸੇ ਅਨੁਸਾਰ ਕਿਰਿਆਸ਼ੀਲ ਹੁੰਦੇ ਹਨ।

**ਜੋਸਫ ਸਟਿਗਲਿਜ** ਦੇ ਸ਼ਬਦਾਂ ਵਿੱਚ ਵਿਸ਼ਵੀਕਰਨ ਤੋ ਭਾਵ ਖੁੱਲੇ ਵਪਾਰ ਦੀਆਂ ਰੁਕਾਵਟਾਂ ਨੂੰ ਦੂਰ ਕਰਨਾ ਅਤੇ ਅੰਤਰਰਾਸ਼ਟਰੀ ਅਰਥ ਵਿਵਸਥਾ ਦਾ ਨੇੜੇ ਤੋ ਏਕੀਕਰਨ ਕਰਨਾ ਹੈ।

**ਰੰਗਰਾਜਨ** ਦੇ ਸ਼ਬਦਾਂ ਵਿਚ ਵਿਸ਼ਵੀਕਰਨ ਤੋਂ ਭਾਵ ਸੂਚਨਾਵਾਂ, ਵਿਚਾਰਾਂ, ਤਕੀਨਕਾਂ, ਵਸਤੂਆਂ, ਸੇਵਾਵਾਂ, ਪੂੰਜੀ, ਵਿੱਤ ਅਤੇ ਲੋਕਾਂ ਦੀਆ ਦੇਸ਼ ਦੀਆ ਹੱਦਾਂ ਤੋ ਬਾਹਰ ਪ੍ਰਵਾਹ ਰਾਹੀਂ ਸਮਾਜਾਂ ਅਤੇ ਅਰਥ ਵਿਵਸਥਾਵਾਂ ਦਾ ਏਕੀਕਰਨ ਹੈਂ।

**ਐਲਬੋਰ ਅਤੇ ਹੋਰ** ਅਨੁਸਾਰ ਵਿਸ਼ਵੀਕਰਨ ਅੰਤਰ ਰਾਸ਼ਟਰੀ ਏਕੀਕਰਨ ਦੀ ਪ੍ਰਕਿਰਿਆ ਹੈ ਜਿਹੜੀ ਸੰਸਾਰ ਦੇ ਦ੍ਰਿਸ਼ਟੀਕੋਣ , ਉਤਪਾਦਾਂ , ਵਿਚਾਰਾਂ ਅਤੇ ਸੱਭਿਆਚਾਰ ਦੇ ਹੋਰ ਪੱਖਾਂ ਦੇ ਵਟਾਂਦਰੇ ਕਾਰਨ ਉਤਪੰਨ ਹੁੰਦੀ ਹੈ।

**ਡਿਕਸ਼ਨਰੀ ਡਾਟ ਕਾਮ** ਅਨੁਸਾਰ ਇਹ ਗਿਆਨ ਦੀ ਉਹ ਸ਼ਾਖਾ ਬਣਦੀ ਹੈ ਜਿਹੜੀ ਸਿਰਜਣਾਤਮਕਤਾ ਤਕਨੀਕੀ ਸਾਧਨਾਂ ਦੀ ਵਰਤੋਂ ਅਤੇ ਉਹਨਾਂ ਦੀ ਜ਼ਿੰਦਗੀ , ਸਮਾਜ ਅਤੇ ਵਾਤਾਵਰਨ ਨਾਲ ਅੰਤਰ ਕਿਰਿਆ ਨਾਲ ਸਬੰਧ ਰੱਖਦੀ ਹੈ ।

### 4.4 ਵਿਸ਼ਵੀਕਰਨ ਅਤੇ ਪਛਾਣ ਨਿਰਮਾਣ :

ਅਜੋਕੇ ਸਮੇਂ ਦੇ ਸੰਦਰਭ ਵਿੱਚ ਵਿਸ਼ਵੀਕਰਨ ਵਿਅਕਤੀਆਂ ਦੇ ਮਨੋਵਿਗਿਆਨਿਕ ਵਿਕਾਸ ਵਿਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਨਜ਼ਰ ਆਉਦਾ ਹੈ। ਸੱਭਿਆਚਾਰ, ਯੁੱਧ ਅਤੇ ਪ੍ਰਵਾਸ ਰਾਹੀਂ ਇਸ ਨੇ ਇੱਕ ਦੂਸਰੇ ਤੇ ਬਹੁਤ ਪ੍ਰਭਾਵ ਪਾਇਆ ਹੈ । ਵਿਸ਼ਵੀਕਰਨ ਦੇ ਨਤੀਜੇ ਵਜੋਂ ਪਿਛਲੇ ਸਮੇਂ ਨਾਲੋ ਆਧੁਨਿਕ ਸਮੇਂ ਵਿਚ ਵਿਅਕਤੀ ਦੀ ਪਛਾਣ ਬਣਾਉਣਾ ਇਕ ਚੁਣੌਤੀਪੂਰਨ ਕਾਰਜ ਬਣ ਗਿਆ ਹੈ। ਗਿਡਨਜ ਅਨੁਸਾਰ ੌਜਦੋਂ ਵਿਸ਼ਵੀਕਰਨ ਪੁਰਾਣੇ ਤਰੀਕਿਆਂ ਨੂੰ ਤਬਦੀਲ ਅਤੇ ਖਤਮ ਕਰਦਾ ਹੈ ਤਾਂ ਪਛਾਣ ਨੂੰ ਹੋਰ ਕਿਰਿਸ਼ੀਲਤਾ ਨਾਲ ਨਿਰਮਿਤ ਅਤੇ ਪੁਨਰ ਨਿਰਮਿਤ ਕਰਨਾ ਹੈਂ।

ਪਛਾਣ ਵਿਅਕਤੀ ਦੀ ਜ਼ਿੰਦਗੀ ਦੇ ਅਰਥ ਦੀ ਪੁਨਰ ਸੰਰਚਨਾ ਹੈ ਕਿਉਂਕਿ ਇਸ ਵਿਚ ਸੰਗਠਨ ਅਤੇ ਸੁਮੇਲ ਦਾ ਆਪਸੀ ਮੇਲ ਹੈ। ਆਮ ਤੌਰ ਤੇ ਸਮਾਜਿਕ ਵਿਗਿਆਨ ਵਿੱਚ ਪਛਾਣ ਨੂੰ ਨਿਰਮਾਣ ਦੀ ਅਜਿਹੀ ਪ੍ਰਕਿਰਿਆ ਮੰਨਿਆ ਜਾਂਦਾ ਹੈ ਜਿਸ ਵਿਚ ਵਿਅਕਤੀ ਆਪਣੀ ਜ਼ਿੰਦਗੀ ਵਿੱਚ ਜੋ ਕਰਦਾ ਹੈ ਉਹ ਉਸਨੂੰ ਸੱਭਿਆਚਾਰਕ ਪੱਖ ਦਾ ਅਰਥ ਪ੍ਰਦਾਨ ਕਰਦੀ ਹੈ। ਵਿਅਕਤੀਗਤ ਨਿਰਮਾਣ ਦੀ ਪ੍ਰਕਿਰਿਆ ਰਾਹੀ ਵਿਅਕਤੀ ਆਪਣੇ ਆਪ ਦੀ ਸੋਝ ਪੇਦਾ ਕਰਦੇ ਹਨ ਕਿ ਉਹਨਾਂ ਦੀ ਸਾਰਥਕਤਾ ਹੈ। ਪਛਾਣ, ਵਿਅਕਤੀਆਂ ਦੇ ਚੁਣਾਵ, ਕਦਰਾਂ – ਕੀਮਤਾਂ ਦੇ ਆਧਾਰ ਤੇ ਨਿਰਣੇ ਅਤੇ ਪਿਆਰ ਅਤੇ ਕੰਮ ਲਈ ਰਸਤਾ ਚੁਣਨ ਦੇ ਨਿਰਣੇ ਆਦਿ ਤੋਂ ਘੱਟ ਪ੍ਰਭਾਵਿਤ ਹੁੰਦੀ ਹੈ ਅਤੇ ਨਿਰਧਾਰਿਤ ਸਮਾਜਿਕ ਭੂਮਿਕਾਵਾਂ ਤੋਂ ਵੱਧ ਪ੍ਰਭਾਵਿਤ ਹੁੰਦੀ ਹੈ। ਕਈ ਵਿਅਕਤੀ

ਇਹਨਾਂ ਜ਼ਿੰਮੇਵਾਰੀਆਂ ਪ੍ਰਤੀ ਪਹਿਚਾਣ-ਉਲਝਣ ਲਈ ਪ੍ਰਤੀਕ੍ਰਿਆ ਕਰਦੇ ਹਨ ਜਾਂ ਫਿਰ ਸਵੈਂ ਸੱਭਿਆਚਾਰ ਦਾ ਸਹਾਰਾ ਲੈਂਦੇ ਹਨ ਜੋ ਉਹਨਾਂ ਨੂੰ ਨਿਰਣੇ ਲੇਣ ਵਿਚ ਸਹਾਈ ਹੁੰਦਾ ਹੈ।

**ਜੈਫਰੀ ਅਰਨਟ** ਅਨੁਸਾਰ ਵਿਸ਼ਵੀਕਰਨ ਕਾਰਨ ਪੈਦਾ ਹੋਣ ਵਾਲੇ ਪਛਾਣ ਨਾਲ ਸਬੰਧਿਤ ਚਾਰ ਮੁੱਖ ਮੁੱਦੇ ਹਨ ਜੋ ਇਸ ਪ੍ਰਕਾਰ ਹਨ :

**1. ਦੋਹਰੀ ਸੱਭਿਆਚਾਰਕ ਪਛਾਣ ਦਾ ਵਿਕਾਸ :** ਸਭ ਤੋਂ ਪਹਿਲਾ ਮੁੱਦਾ ਦੋਹਰੀ ਸੱਭਿਆਚਾਰ ਪਛਾਣ ਨਾਲ ਸਬੰਧਤ ਹੈ। ਵਿਸ਼ਵੀਕਰਨ ਸਵੈ ਦੀ ਪਛਾਣ ਲਈ ਦੋ ਧਾਰੀ ਤਲਵਾਰ ਦੀ ਤਰ੍ਹਾਂ ਕਾਰਜ ਕਰਦਾ ਹੈ। ਇਸਦਾ ਭਾਵ ਇੱਕ ਅਜਿਹੀ ਪਛਾਣ ਤੋਂ ਹੈ ਜਿਸਦੀ ਇੱਕ ਜੜ੍ਹ ਉਸਦੇ ਸਥਾਨਕ ਸੱਭਿਆਚਾਰ ਵਿਚ ਹੁੰਦੀ ਹੈ ਅਤੇ ਦੂਸਰੀ ਵਿਸ਼ਵ ਵਿਆਪੀ ਸੰਸਾਰ ਨਾਲ ਉਸਦੇ ਸਬੰਧਾਂ ਬਾਰੇ ਜਾਗਰੂਕਤਾ ਪੇਦਾ ਕਰਨ ਵਿਚ ਹੁੰਦੀ ਹੈ। ਅੱਜ ਦੇ ਸਮੇ ਵਿਸ਼ੇਸ਼ ਕਰਕੇ ਨੋਜਵਾਨ ਅਜਿਹੀ ਪਛਾਣ ਦਾ ਵਿਕਾਸ ਕਰ ਰਹੇ ਹਨ ਜੋ ਵਿਸ਼ਵੀ ਵਿਆਪੀ ਸੱਭਿਆਚਾਰ ਨਾਲ ਸਬੰਧ ਰੱਖਦੀ ਹੈ ਅਤੇ ਜਿਸ ਵਿਚ ਵਿਸ਼ਵ ਪੱਧਰ ਤੇ ਵਾਪਰ ਰਹੀਆ ਘਟਨਾਵਾਂ, ਤਰੀਕਿਆਂ, ਸ਼ੈਲੀਆਂ ਅਤੇ ਜਾਣਕਾਰੀ ਪ੍ਰਤੀ ਜਾਗਰੂਕਤਾ ਸ਼ਾਮਿਲ ਹੁੰਦੀ ਹੈ ਜੋ ਵਿਸ਼ਵੀ ਸੱਭਿਆਚਾਰ ਦਾ ਹਿੱਸਾ ਹੁੰਦੀਆਂ ਹਨ । ਮੀਡੀਆ ਵਿਸ਼ੇਸ ਕਰਕੇ ਟੀ.ਵੀ, ਇੰਟਰਨੈਂਟ ਜੋ ਕਿ ਤੁਰੰਤ ਸੰਚਾਰ ਦੀ ਆਗਿਆ ਦਿੰਦੇ ਹਨ , ਵਿਸ਼ਵ ਵਿਆਪੀ ਪਛਾਣ ਦੇ ਨਿਰਮਾਣ ਵਿਚ ਮਹੱਤਪੂਰਨ ਭੂਮਿਕਾ ਅਦਾ ਕਰਦੇ ਹਨ । ਇਸ ਤੋਂ ਬਿਨਾਂ ਲੋਕ ਵੱਖਰੀ ਪਛਾਣ ਬਣਾਉਣ ਦੇ ਨਾਲ ਨਾਲ ਆਪਣੀ ਸਥਾਨਕ ਪਛਾਣ ਵੀ ਕਾਇਮ ਰੱਖਦੇ ਹਨ ਅਤੇ ਆਪਣੇ ਪਰਿਵਾਰ , ਸਮੁਦਾਇ ਅਤੇ ਦੋਸਤਾਂ ਨਾਲ ਸੰਪਰਕ ਸਥਾਪਿਤ ਕਰਕੇ ਆਪਣੀ ਪਛਾਣ ਦਾ ਵਿਕਾਸ ਕਰਦੇ ਹਨ। ਦੋਹਰੀ ਸੱਭਿਆਚਾਰ ਪਛਾਣ ਤੋਂ ਭਾਵ ਸਥਾਨਕ ਪਛਾਣ ਨੂੰ ਬਣਾਏ ਰੱਖਣ ਦੇ ਨਾਲ ਨਾਲ ਵਿਸ਼ਵ ਵਿਆਪੀ ਪਛਾਣ ਵੀ ਬਣਾਉਣਾ ਹੈ।

**2. ਪਛਾਣ ਉਲਝਣ :** ਵਿਸ਼ਵੀਕਰਣ ਦਾ ਮੁੱਖ ਮੁੱਦਾ ਪਛਾਣ ਉਲਝਣ ਦਾ ਹੈ। ਜਦੋਂ ਵਿਅਕਤੀ ਦੋਹਰੀ – ਸੱਭਿਆਚਾਰ ਪਛਾਣ ਨੂੰ ਵਿਕਸਤ ਕਰਦੇ ਹਨ ਤੇ ਤਬਦੀਲੀਆਂ ਨੂੰ ਅਪਣਾਉਦੇ ਹਨ ਤਾਂ ਕੁੱਝ ਲੋਕ ਇਸ ਬਦਲਾਅ ਨੂੰ ਅਪਣਾਉਣ ਵਿਚ ਮੁਸ਼ਕਿਲ ਮਹਿਸੂਸ ਕਰਦੇ ਹਨ। ਉਹਨਾਂ ਨੂੰ ਵਿਸ਼ਵੀ ਸੱਭਿਆਚਾਰ ਪਹੁੰਚ ਤੋਂ ਬਾਹਰ , ਵਿਦੇਸ਼ੀ ਜਾਂ ਆਪਣੇ ਸੱਭਿਆਚਾਰਕ ਕੀਮਤਾਂ ਤੇ ਵਿਸ਼ਵਾਸਾਂ ਨੂੰ ਖੋਖਲਾ ਕਰਨ ਵਾਲਾ ਪ੍ਰਤੀਤ ਹੁੰਦਾ ਹੈ। ਦੋਹਰੀ ਸੱਭਿਆਚਾਰਕ ਪਛਾਣ ਬਣਾਉਣ ਦੀ ਜਗ੍ਹਾ ਕੁੱਝ ਲੋਕ ਆਪਣੇ ਆਪ ਨੂੰ ਇੱਕਲਾ ਮਹਿਸੂਸ ਕਰਨ ਲੱਗ ਜਾਂਦੇ ਹਨ। ਅਤੇ ਦੋਵੇ ਸੱਭਿਆਚਾਰਾਂ ਤੋ ਬਾਹਰ ਰਹਿ ਜਾਂਦੇ ਹਨ ਇਸ ਨਾਲ ਪਛਾਣ ਵਿੱਚ ਵਿਗਾੜ ਆਉਦਾ ਹੈ ਅਤੇ ਕਈ ਵਾਰ ਕੁੱਝ ਨੋਜਵਾਨ ਕਿਸੇ ਵੀ ਵਿਸ਼ੇਸ ਸੱਭਿਆਚਾਰ ਵਿਚ ਵਿਕਸਤ ਨਾ ਹੋਣ ਕਾਰਨ ਖਤਰਨਾਕ ਇਕੱਲਤਾ ਅਤੇ ਅਸਥਾਈਪੁਣੇ ਦੇ ਸ਼ਿਕਾਰ ਹੋ ਜਾਂਦੇ ਹਨ ਉਹਨਾਂ ਅੰਦਰ ਕੁੱਝ ਪਹਿਲੂਆਂ ਪ੍ਰਤੀ ਸਪੱਸ਼ਟ ਅਗਵਾਈ ਦੀ ਕਮੀ ਪੈਦਾ ਹੁੰਦੀ ਹੈ, ਜਿਵੇਂ ਜੀਵਨ ਕਿਸ ਤਰ੍ਹਾਂ ਬਤੀਤ ਕਰਨਾ ਹੈ ਅਤੇ ਆਪਣੇ ਅਨੁਭਵਾਂ ਨੂੰ ਕਿਸ ਪ੍ਰਕਾਰ ਸਾਂਝਾ ਕਰਨਾ ਹੈ। ਪਛਾਣ ਉਲਝਣ ਕਰਕੇ ਉਦਾਸਹੀਨਤਾ, ਨਸ਼ੇ ਤੇ ਆਤਮ ਹੱਤਿਆ ਵਰਗੀਆਂ ਸਮੱਸਿਆਵਾਂ ਵੀ ਸਾਹਮਣੇ ਆ ਸਕਦੀਆਂ ਹਨ।

**3. ਸਵੈ-ਚੁਣਿਆ ਸੱਭਿਆਚਾਰ :** ਵਿਸ਼ਵੀਕਰਨ ਸਵੈ ਚੁਣੇ ਸੱਭਿਆਚਾਰ ਦਾ ਵਿਕਾਸ ਹੈ, ਜਿਸਦਾ ਅਰਥ ਹੈ ਵਿਅਕਤੀ ਆਪਣੇ ਆਪ, ਸਮਾਨ ਸੋਚ ਵਾਲੇ ਲੋਕਾਂ ਨਾਲ ਮਿਲ ਕੇ ਸਮੂਹ ਬਣਾਉਦੇ ਹਨ ਜੋ ਅਜਿਹੀ ਪਹਿਚਾਣ ਚਾਹੁੰਦੇ ਹਨ ਜਿਹੜੀ ਵਿਸ਼ਵੀ ਸੱਭਿਆਚਾਰ ਤੋਂ ਅਣਭਿੱਜ ਹੋਵੇ। ਵਿਸ਼ਵ ਵਿਆਪੀ ਸੱਭਿਆਚਾਰ ਦੀਆਂ ਕਦਰਾਂ ਕੀਮਤਾਂ ਵਿਅਕਤੀਵਾਦ ਤੇ ਅਧਾਰਿਤ ਹੁੰਦੀਆਂ ਹਨ ਜਿਸ ਵਿਚ ਆਰਥਿਕ ਬਜਾਰ ਤੋ ਸੁਤੰਤਰਤਾ, ਲੋਕਤੰਤਰੀ ਹੱਕਾਂ ਦਾ ਆਧਾਰ , ਚੋਣ ਕਰਨ ਦੀ ਸੁਤੰਤਰਤਾ , ਬਦਲਾਅ ਲਈ ਖੁੱਲਾਪਣ ਅਤੇ ਵੱਖਰੇਵੇਂ ਨੂੰ ਬਰਦਾਸ਼ਤ ਕਰਨਾ ਆਦਿ ਸ਼ਾਮਿਲ ਹੁੰਦਾ ਹੈ। ਵਿਸ਼ਵੀਕਰਨ ਦੀ ਸਭ ਤੋ ਵੱਧ ਆਲੋਚਨਾ ਅੰਦਰ ਸੰਸਾਰ ਭਰ ਵਿਚ ਸਮਰੂਪੀ ਸੱਭਿਆਚਾਰ ਦੇ ਵਿਕਸਿਤ ਹੋਣ ਦਾ ਡਰ ਸ਼ਾਮਿਲ ਹੈ। ਇਸ ਕਰਕੇ ਜਿਆਦਾ ਲੋਕ ਆਪਣੇ ਸਥਾਨਕ ਸੱਭਿਆਚਾਰ ਦੇ ਨਾਲ ਨਾਲ ਵਿਸ਼ਵ ਵਿਆਪੀ ਸੱਭਿਆਚਾਰ ਨਾਲ ਵੀ ਆਪਣੀ ਦੋਹਰੀ ਸੱਭਿਆਚਾਰਕ ਪਛਾਣ ਦਾ ਨਿਰਮਾਣ ਕਰ ਰਹੇ ਹਨ।

**4. ਬਾਲਗਪਣ ਦਾ ਉਭਾਰ :** ਨੌਜਵਾਨਾਂ ਦੀ ਭੂਮਿਕਾ ਦੇ ਸਮੇਂ ਵਿਚ ਪਰਿਵਾਰਤਨ ਕਾਰਨ, ਜੀਵਨ ਵਿਚ ਕੰਮ ਕਰਨ, ਵਿਆਹ ਅਤੇ ਮਾਪੇ ਬਣਨ ਦੀ ਪ੍ਰਕਿਰਿਆ ਅੱਗੇ ਪੈ ਰਹੀਆਂ ਹਨ; ਤਾਂ ਕਿ ਉਹ ਅਜਿਹੀ ਆਰਥਿਕਤਾ ਵਿਚ ਨੌਕਰੀ ਲਈ ਤਿਆਰ ਹੋ ਸਕਣ ਜੋ ਵਿਸ਼ੇਸ਼ ਤਕਨੀਕਾਂ ਤੇ ਜਾਣਕਾਰੀਆਂ ਉੱਤੇ ਅਧਾਰਿਤ ਹੈ। ਵਿਸ਼ਵੀਕਰਨ ਦੇ ਪ੍ਰਭਾਵ ਕਰਕੇ ਪਰੰਪਰਾਗਤ ਅਨੁਕ੍ਰਮ ਟੁੱਟ ਰਹੇ ਹਨ ਜਿਸ ਕਰਕੇ ਨੋਜਵਾਨਾਂ ਨੂੰ ਆਪਣੀ ਜ਼ਿੰਦਗੀ ਉਪਰ ਆਪ ਪਕੜ ਰੱਖਣ ਲਈ ਮਜਬੂਰ ਹੋਣਾ ਪੈ ਰਿਹਾ ਹੈ ਜਿਸ ਵਿਚ ਵਿਆਹ ਤੇ ਪਰਿਵਾਰ ਸ਼ਾਮਿਲ ਹੈ। ਬਾਲਗਪਣ ਦਾ ਉਭਾਰ ਪਛਾਣ ਦੇ ਪੱਖਾਂ ਨਾਲ ਸਬੰਧਿਤ ਹੈ। ਜਿੱਥੇ ਬਾਲਗਪਣ ਦੇ ਉਭਾਰ ਦਾ ਉੱਚਿਤ ਸਮਾਂ ਹੁੰਦਾ ਹੈ ਉਥੇ ਨੋਜਵਾਨਾਂ ਕੋਲੋ ਆਪਣੇ ਲੰਮੇਰੇ ਸਮੇਂ ਦੇ ਚੁਣਾਵ ਤੋਂ ਪਹਿਲਾਂ ਪਿਆਰ ਅਤੇ ਕੰਮ ਵਿਚ ਆਪਣੀ ਪਹਿਚਾਣ ਖੋਜ ਦਾ ਲੰਬਾ ਸਮਾਂ ਹੁੰਦਾ ਹੈ ਪਿਆਰ ਸਬੰਧਾਂ ਦੇ ਵਿਭਿੰਨ ਅਨੁਭਵਾਂ, ਵਿੱਦਿਆ ਦੇ ਵੱਖ-ਵੱਖ ਮੋਕਿਆਂ, ਵੱਖ-ਵੱਖ ਨੌਕਰੀਆਂ ਦੇ ਅਨੁਭਾਵਾਂ ਰਾਹੀ ਉਹ ਆਪਣੇ ਆਪ ਬਾਰੇ ਬਹੁਤ ਕੁੱਝ ਸਿੱਖਦੇ ਹਨ ਅਤੇ ਆਪਣੀਆ ਯੋਗਤਾਵਾਂ ਅਤੇ ਤਰਜੀਹਾਂ ਨੂੰ ਸਪੱਸ਼ਟ ਕਰਦੇ ਹਨ ।

### 4.5 ਪਛਾਣ-ਨਿਰਮਾਣ ਉਂਪਰ ਵਿਸ਼ਵੀਕਰਨ ਦੇ ਪ੍ਰਭਾਵ :

ਵਿਅਕਤੀ ਦੀ ਪਛਾਣ-ਨਿਰਮਾਣ ਉਂਪਰ ਵਿਸ਼ਵੀਕਰਨ ਦੇ ਸਕਾਰਾਤਮਕ ਅਤੇ ਨਕਾਰਾਤਮਕ ਦੋਵੇਂ ਤਰ੍ਹਾਂ ਦੇ ਪ੍ਰਭਾਵ ਪੈਂਦੇ ਹਨ

### 4.5.1 ਪਛਾਣ-ਨਿਰਮਾਣ ਉੱਪਰ ਵਿਸ਼ਵੀਕਰਨ ਦੇ ਸਕਾਰਾਤਮਕ ਪ੍ਰਭਾਵ :

ਵਿਅਕਤੀਗਤ ਪਛਾਣ ਤੇ ਵਿਸ਼ਵੀਕਰਨ ਸਕਾਰਾਤਮਕ ਅਤੇ ਨਰਾਤਮਕ ਦੋਵੇਂ ਤਰ੍ਹਾਂ ਦੇ ਪ੍ਰਭਾਵ ਛੱਡਦਾ ਹੈ ਵਿਸ਼ਵੀਕਰਨ ਲੋਕਾਂ ਨੂੰ ਵਿਸ਼ਵ ਭਰ ਵਿਚ ਵਾਪਰ ਰਹੀਆਂ ਗਤੀਵਿਧੀਆਂ ਵਿਚ ਯੋਗਦਾਨ ਪਾਉਣ ਅਤੇ ਵਿਚਾਰਾਂ ਦੇ ਅਦਾਨ ਪ੍ਰਦਾਨ ਕਰਨ ਦੇ ਮੋਕੇ ਦਿੰਦਾ ਹੈ। ਲੋਕਾਂ ਵਿਚ ਇਹ ਸਬੰਧਾਂ ਦੀਆਂ ਪ੍ਰਕਿਰਿਆਵਾਂ ਦੀ ਨਿਰੰਤਰਤਾ ਪ੍ਰਦਾਨ ਕਰਦਾ ਹੈ ਜਿਸ ਰਾਹੀਂ ਲੋਕ ਆਰਥਿਕ , ਸੱਭਿਆਚਾਰਕ ਅਤੇ ਰਾਜਨੀਤਿਕ ਆਦਿ ਗਤੀਵਿਧੀਆ ਵਿਚ ਜੁੜਦੇ ਹਨ। ਜਿਵੇਂ ਹੀ ਲੋਕ ਇੱਕ ਦੂਜੇ ਨਾਲ ਇਹਨਾਂ ਗਤੀਵਿਧੀਆਂ ਰਾਹੀਂ ਆਪਸ ਵਿਚ ਸੰਪਰਕ ਵਿਚ ਆਉਂਦੇ ਹਨ ਤਿਵੇਂ ਹੀ ਨਵੀਆਂ ਪਛਾਣਾਂ ਹੋਂਦ ਗ੍ਰਹਿਣ ਕਰਦੀਆਂ ਹਨ। ਇਸ ਤਰ੍ਹਾਂ ਵਿਸ਼ਵੀਕਰਨ ਉਹਨਾਂ ਦੀ ਪਛਾਣ ਨਿਰਮਾਣ ਉਪਰ ਨਿਮਨਲਿਖਤ ਸਕਾਰਤਾਮਕ ਪ੍ਰਭਾਵ ਪਾਉਂਦਾ ਹੈ :

**1. ਪਛਾਣ ਨਿਰਮਾਣ ਦੇ ਮੋਕੇ ਪ੍ਰਦਾਨ ਕਰਦਾ ਹੈ :** ਵਿਸ਼ਵੀਕਰਨ ਲੋਕਾਂ ਨੂੰ ਨਵੇ ਵਿਸ਼ਵਾਸ, ਕਦਰਾਂ ਕੀਮਤਾਂ, ਸੱਭਿਆਚਾਰ, ਵਿਚਾਰ ਆਦਿ ਪ੍ਰਦਾਨ ਕਰਦਾ ਹੈ ਜਿਸ ਦੀ ਮਦਦ ਨਾਲ ਉਹਨਾਂ ਦੀ ਪਛਾਣ ਨਵਾਂ ਰੂਪ ਹਾਸਿਲ ਕਰਦੀ ਹੈ

**2. ਪਛਾਣ ਰੁਪਾਂਤਰਣ :** ਵਿਸ਼ਵੀਕਰਨ ਦਾ ਸਭ ਤੋਂ ਵਧੇਰੇ ਮਹੱਤਵਪੂਰਨ ਮਨੋਵਿਗਿਆਨਕ ਪ੍ਰਭਾਵ ਕਿਸੇ ਦੀ ਪਛਾਣ ਦਾ ਰੂਪਾਂਤਰਨ ਕਰਨ ਵਾਲਾ ਹੁੰਦਾ ਹੈ ਭਾਵ ਕਿ ਲੋਕ ਆਪਣੇ ਆਪ ਬਾਰੇ ਸਮਾਜਿਕ ਵਾਤਾਵਰਨ ਦੇ ਸੰਦਰਭ ਵਿਚ ਕੀ ਸੋਚਦੇ ਹਨ ।

**3. ਨਸਲੀ ਪਛਾਣ ਦੇ ਨਿਰਮਾਣ ਵਿਚ ਸਹਾਈ :** ਕਿਸੇ ਵੀ ਨਸਲੀ ਜਾਤੀਗਤ ਪਛਾਣ - ਨਿਰਮਾਣ ਵਿਚ ਇਹ ਸ਼ਾਮਿਲ ਹੁੰਦਾ ਹੈ ਕਿ ਨਸਲੀ ਅਤੇ ਜਾਤੀਗਤ ਘੱਟ ਗਿਣਤੀ ਸਮੂਹਾਂ ਦੇ ਮੈਂਬਰ ਸਮਾਜ ਦੇ ਬਾਕੀ ਨਸਲੀ ਜਾਤੀ ਸਮੂਹਾਂ ਦੇ ਸੰਦਰਭ ਵਿਚ ਆਪਣੀ ਪਛਾਣ ਨੂੰ ਕਿਵੇਂ ਲੈਂਦੇ ਤੇ ਦਰਸਾਉਦੇ ਹਨ। ਵਿਸ਼ਵੀਕਰਨ ਨਸਲੀ ਪਛਾਣ ਦੇ ਵਿਕਾਸ ਦੇ ਮੋਕੇ ਪ੍ਰਦਾਨ ਕਰਕੇ ਸੰਸਾਰ ਨੂੰ ਇੱਕ ਵਿਸ਼ਵੀ ਪਿੰਡ ਬਣਾਉਣ ਵਿਚ ਸਹਾਈ ਹੁੰਦਾ ਹੈ ।

**4. ਸੱਭਿਆਚਾਰਕ ਪਛਾਣ ਦੇ ਨਿਰਮਾਣ ਵਿਚ ਸਹਾਈ :** ਵਿਸ਼ਵੀਕਰਨ ਦੇ ਸੰਦਰਭ ਵਿਚ ਸੱਭਿਆਚਾਰਕ ਪਛਾਣ - ਨਿਰਮਾਣ ਉਹਨਾਂ ਲੋਕਾਂ ਨਾਲ ਸਬੰਧ ਰੱਖਦੀ ਹੈ। ਜੋ ਸੱਭਿਆਚਾਰਕ ਪੱਖੋ ਤਾਂ ਬਹੁ ਗਿਣਤੀ ਵਿਚ ਹਨ ਪਰ ਬਾਕੀ ਸੱਭਿਆਚਾਰਾਂ ਨਾਲ ਵੀ ਸਬੰਧ ਰੱਖਦੇ ਹਨ। ਵਿਸ਼ਵੀਕਰਨ ਤਹਿਤ ਵੇਖੀਏ ਤਾਂ ਇਸ ਦਾ ਅਰਥ ਇਹ ਹੈ ਕਿ ਨੋਜਵਾਨ ਆਪਣੀ ਸਥਾਨਕ ਪਛਾਣ ਦੇ ਨਾਲ ਨਾਲ ਵਿਸ਼ਵੀ ਪਹਿਚਾਣ ਵੀ ਵਿਕਸਤ ਕਰਦੇ ਹਨ। ਇਹ ਉਹਨਾਂ ਨੂੰ ਵਿਸ਼ਵਪੱਧਰੀ ਸੱਭਿਆਚਾਰ ਨਾਲ ਜੁੜੇ ਹੋਣ ਦਾ ਬੋਧ ਦਿੰਦਾ ਹੈ ਤੇ ਉਹਨਾਂ ਵਿੱਚ ਵਿਸ਼ਵੀ ਸੱਭਿਆਚਾਰ ਦੇ ਮਸਲਿਆਂ , ਗਤੀਵਿਧੀਆਂ , ਢੰਗਾਂ ਅਤੇ ਹੋਰ ਸੂਚਨਾਵਾਂ ਬਾਰੇ ਚੇਤਨਾ ਪੈਦਾ ਹੁੰਦੀ ਹੈ ।

**5. ਵਿਸ਼ਵੀ ਪਛਾਣ ਦਾ ਨਿਰਮਾਣ :** ਜਿਹੜੇ ਲੋਕ ਵਿਸ਼ਵੀ ਪਛਾਣ ਹਾਸਿਲ ਕਰ ਲੈਂਦੇ ਹਨ ਉਹ ਵਿਭਿੰਨ ਸੱਭਿਆਚਾਰਾਂ ਵਿਚ ਸੁਤੰਤਰ ਅਤੇ ਸਹਿਜ ਰੂਪ ਵਿਚ ਵਿਸ਼ਵੀ ਨਾਗਰਿਕ ਦੇ ਤੌਰ ਤੇ ਵਿਚਨਯੋਗ ਬਣ ਜਾਂਦੇ ਹਨ। ਵਿਸ਼ਵੀ ਪਛਾਣ ਵਿਅਕਤੀ ਨੂੰ ਉਦੋਂ ਵਿਭਿੰਨ ਥਾਵਾਂ ਤੇ ਲੋਕਾਂ ਨਾਲ ਸੰਚਾਰ ਕਰਨ ਦੇ ਯੋਗ ਬਣਾਉਦੀਂ ਹੈ ਜਦੋ ਉਹ ਵਿਅਕਤੀ ਕਿਸੇ ਦੂਸਰੀ ਥਾਂ ਜਾਂਦਾ ਹੈ ਜਾਂ ਦੂਜੀ ਥਾਂ ਦੇ ਲੋਕ ਉਸ ਕੋਲ ਆਉਂਦੇ ਹਨ।

**6. ਸਥਾਨਕ ਪਛਾਣ ਵਿਕਸਿਤ ਹੁੰਦੀ ਹੈ :** ਵਿਸ੍ਵਵੀ ਪਛਾਣ ਦੇ ਨਾਲ ਹੀ ਲੋਕਾਂ ਦੀ ਸਥਾਨਕ ਪਛਾਣ ਦਾ ਵੀ ਵਿਕਾਸ ਹੁੰਦਾ ਹੈ। ਜੋ ਉਹਨਾਂ ਦੇ ਉਸ ਸਥਾਨਕ ਹਾਲਾਤ , ਸਥਾਨਕ ਵਾਤਾਵਰਨ , ਸਥਾਨਕ ਪੰਰਪਰਾਵਾਂ ਅਤੇ ਸਥਾਨਕ ਭਾਸ਼ਾ ਉੱਤੇ ਅਧਾਰਿਤ ਹੁੰਦੀ ਹੈ ਜਿਸ ਵਿਚ ਉਹ ਵੱਡਾ ਹੁੰਦਾ ਹੈ । ਇਹ ਉਹਨਾਂ ਦੀ ਉਹ ਪਛਾਣ ਹੁੰਦੀ ਹੈ ਜਿਸ ਦੁਆਰਾ ਉਹ ਹਰ ਰੋਜ ਆਪਣੇ ਪਰਿਵਾਰਾਂ, ਮਿੱਤਰਾਂ ਅਤੇ ਸਮੁਦਾਇ ਦੇ ਹੋਰ ਮੈਂਬਰਾਂ ਨਾਲ ਤਾਲਮੇਲ ਬਣਾਉਦੇ ਹਨ ਇਸ ਤਰ੍ਹਾ ਉਹਨਾਂ ਦੀ ਇਕ ਪਛਾਣ , ਵਿਸ਼ਵ ਆਰਥਿਕਤਾ ਵਿਚ ਹਿੱਸੇਦਾਰੀ ਪਾਉਦੀ ਹੈ ਤੇ ਉਹਨਾ ਨੂੰ ਦੁਨੀਆਂ ਦੀ ਤੇਜ–ਚਾਲ ਵਾਲੀ ਉੱਚ ਪੱਧਰੀ ਤਕਨਾਲੋਜੀ ਵਿਚ ਅਗਾਂਹ ਵਧਾਉਂਦੀ ਹੈ ਅਤੇ ਦੂਸਰੀ ਪਛਾਣ ਦੀ ਜੜ੍ਹ ਉਹਨਾ ਦੀ ਪਰੰਪਰਾ ਵਿਚ ਪਈ ਹੈ ਜੋ ਉਹਨਾਂ ਦੇ ਪਰਿਵਾਰਾਂ ਤੇ ਨਿੱਜੀ ਜੀਵਨ ਵਿਚ ਝਲਕਦੀ ਹੈ ।

**7. ਪਛਾਣ ਉਪਰ ਵਿਸ਼ਵੀ ਸੰਚਾਰ ਦਾ ਪ੍ਰਭਾਵ:** ਵਿਸ਼ਵੀਕਰਨ ਅਤੇ ਸੂਚਨਾ ਦੇ ਯੁੱਗ ਵਿਚਲੇ ਤਾਲਮੇਲ ਨੇ ਸੰਚਾਰ ਦੇ ਗੁਣ ਤੇ ਪੱਧਰ ਵਿਚ ਪਰਿਵਾਰਤਨ ਲਿਆਂਦਾ ਹੈ ਜਿਸ ਕਾਰਨ ਨਵੀਆਂ, ਨਿੱਜੀ ਅਤੇ ਸਮਾਜਿਕ ਪਛਾਣਾਂ (ਮਾਨਵੀਕਰਨ ਅਤੇ ਰੂਪਮਾਨ) ਦੀ ਸਿਰਜਨਾ ਹੋਈ ਹੈ। ਜਿਹੜਾ ਸਮਾਜ ਆਪਣੇ ਸੰਚਾਰ ਸਾਧਨਾਂ ਨੂੰ ਮਜਬੂਤ ਕਰਨ ਜਾਂ ਉਹਨਾ ਦਾ ਨਵੀਨੀਕਰਨ ਕਰਨ ਦੇ ਕਾਬਿਲ ਨਹੀਂ ਹੈ ਤੇ ਜਿਹੜੇ ਸੰਚਾਰ ਅਤੇ ਸੂਚਨਾ ਦੇ ਅਦਾਨ ਪ੍ਰਦਾਨ ਦੇ ਨਵੇਂ ਢੰਗਾਂ ਨਾਲ ਮੁਕਾਬਲਾ ਕਰਨ ਯੋਗ ਨਹੀਂ ਹੋਏ ਉਹਨਾਂ ਸਮਾਜਾਂ ਨੂੰ ਰਾਜਸੀ, ਆਰਥਿਕ ਅਤੇ ਸੱਭਿਆਚਾਰ ਤੌਰ ਤੇ ਹਾਨੀਕਾਰਨ ਅਤੇ ਨਾ ਪੂਰੇ ਹੋਣ ਯੋਗ ਘਾਟਾ ਪੈਂਦਾ ਹੈ ।

### 4.5.2 ਪਛਾਣ–ਨਿਰਮਾਣ ਉਪਰ ਵਿਸ਼ਵੀਕਰਨ ਦੇ ਨਕਾਰਤਮਕ ਪ੍ਰਭਾਵ :

ਹਰੇਕ ਵਿਅਕਤੀ ਕਿਸੇ ਨਾ ਕਿਸੇ ਰੂਪ ਵਿਚ ਵਿਸ਼ਵੀਕਰਨ ਤੋ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦਾ ਹੈ। ਇਹ ਪਰਿਵਰਤਨ ਤੇ ਪ੍ਰਭਾਵ ਲੋਕਾਂ ਦੀ ਪਛਾਣ ਅਤੇ ਉਹਨਾ ਦੀਆਂ ਸੱਭਿਆਚਾਰਕ ਕਦਰਾਂ ਕੀਮਤਾਂ ਨੂੰ ਵੀ ਕਈ ਵਾਰ ਬਦਲ ਦਿੰਦੇ ਹਨ ਇਹ ਬਦਲਾਅ ਚਾਹੇ ਪੀੜ੍ਹੀਆਂ ਵਿਚ ਹੋਵੇ ਜਾਂ ਫਿਰ ਅੰਤਰਵਿਅਕਤੀਗਤ , ਨਵੀਆ ਕਦਰਾਂ ਕੀਮਤਾਂ ਪੁਰਾਣੀਆਂ ਡੂੰਘੀਆਂ ਕਦਰਾਂ ਕੀਮਤਾਂ ਨੂੰ ਤੋੜਦੀਆਂ ਹਨ। ਉਹਨਾਂ ਵਿਚ ਵੱਖਰੇਵਾਂ ਪੈਦਾ ਕਰਦੀਆ ਹਨ। ਕਦੇ ਕਦਾਈ ਅਜਿਹੇ ਰੂਪਾਂਤਰਣ ਤੇ ਪਰਿਵਾਰਤਨ ਅੰਦਰੂਨੀ ਵਾਧੇ ਅਤੇ ਵਿਕਾਸ ਵਿਚ ਵੀ ਸਮੱਸਿਆ ਪੈਦਾ ਕਰਦੇ ਹਨ ਪਛਾਣ ਨਿਰਮਾਣ ਉਪੱਰ ਵਿਸ਼ਵੀਕਰਨ ਦੇ ਨਿਮਨਲਿਖਤ ਕਿਸਮ ਦੇ ਨਕਾਰਤਮਕ ਪ੍ਰਭਾਵ ਪੈਦੇ ਹਨ :

**1. ਰਾਸ਼ਟਰੀ ਪਛਾਣ ਵਿਚ ਪਰਿਵਰਤਨ :** ਵਿਸ਼ਵੀਕਰਨ ਦੁਆਰਾ ਪੈਦਾ ਹੋਈ ਮੁਕਾਬਲੇਬਾਜੀ ਦੀ ਭਾਵਨਾ ਸਮਾਜ ਨੂੰ ਵਿਅਕਤੀਗਤ ਬਣਾਉਣ ਵੱਲ ਵੱਧ ਰਹੀ ਹੈ। ਦੂਜੇ ਪਾਸੇ ਤੇਜ਼ੀ ਨਾਲ ਹੋ ਰਿਹਾ ਪਰਿਵਰਤਨ ਮੂਲਵਾਦ ਨੂੰ ਵੀ ਵਧਾ ਸਕਦਾ ਹੈ ਧਰਮ ਤੇ ਸੱਭਿਆਚਾਰ ਸਬੰਧੀ ਵਿਭਿੰਨਤਾਵਾਂ ਕਰਕੇ ਵਿਅਕਤੀਆਂ ਵਿਚਲੀ ਸ਼ਹਿਣਸ਼ੀਲਤਾ ਦੀ ਭਾਵਨਾ ਵਿਚ ਵੀ ਕਮੀ ਆਉਦੀ ਹੈ। ਵਿਸ਼ਵੀਕਰਨ ਦੁਆਰਾ ਪ੍ਰਸਾਰਿਤ ਸੂਚਨਾ ਲੋਕਾਂ ਦੀ ਰਾਸ਼ਟਰਵਾਦੀ ਸਮਝ , ਸਵੈ ਗੋਰਵ –ਸਵੈ – ਸਨਮਾਨ ਅਤੇ ਸਵੈ ਯੋਗਤਾ ਨੂੰ ਵੀ ਖੇਰੂੰ ਖੇਰੂੰ ਕਰ ਸਕਦੀ ਹੈ ।

**2. ਅਸਥਿਰਤਾ ਪੈਦਾ ਹੁੰਦੀ ਹੈ :** ਵਿਅਕਤੀ ਇਸ ਅਸੁਰੱਖਿਅਤ ਸੰਸਾਰ ਵਿਚ ਆਪਣੀ ਪਛਾਣ ਦੀ ਸਮਝ ਸਥਾਪਿਤ ਕਰਨ ਦੀ ਪ੍ਰਕਿਰਿਆ ਵਿਚ ਵਿਚਰਦੇ ਹਨ। ਉਹਨਾਂ ਦੀ ਅਜਿਹੀ ਪਛਾਣ ਦੀ ਸਮਝ ਨੂੰ ਉਦੋਂ ਖਤਰਾ ਬਣ ਜਾਂਦਾ ਹੈ ਜਦੋਂ ਵਿਸ਼ਵੀਕਰਨ ਦੇ ਸਾਧਨਾਂ ਰਾਹੀ ਅਨੇਕਾ ਦਿਸ਼ਾਵਾਂ ਕਾਰਨ ਉਹ ਖੰਡਿਤ ਹੋ ਜਾਂਦੇ ਹਨ ਇਸ ਤਰ੍ਹਾਂ ਪੈਦਾ ਹੋਈ ਅਸਥਿਰਤਾ ਕਾਰਨ ਉਹਨਾਂ ਦੀਆ ਚਿੰਤਾਵਾਂ ਹੋਰ ਵੱਧਦੀਆਂ ਹਨ ਅਤੇ ਉਹ ਨਿੱਤ ਦੇ ਕੰਮਾਂ ਵਿਚ ਨਿਯੰਤਰਣ ਦੀ ਕਮੀ ਦਾ ਸ਼ਿਕਾਰ ਹੋ ਜਾਂਦੇ ਹਨ।

**3 ਸਮੁਦਾਇ ਵਿਚੋ ਕੱਢ ਜਾਣ ਦਾ ਖਤਰਾ :** ਜਦੋਂ ਵਿਅਕਤੀ ਆਪਣੇ ਆਪ ਨੂੰ ਨਵੇਂ ਸਮਾਜਿਕ ਸੰਦਰਭ ਵਿਚ ਸਥਾਪਿਤ ਕਰਨ ਲਈ ਸੰਘਰਸ਼ ਕਰਦੇ ਹਨ ਤਾਂ ਉਹਨਾਂ ਦੀ ਪਛਾਣ ਖਤਰੇ ਵਿਚ ਪੈ ਜਾਂਦੀ ਹੈ ਜਾਂ ਫਿਰ ਉਹਨਾਂ ਦੇ ਕਿਸੇ ਗਲਤ ਸੰਦਰਭ ਨੂੰ ਚੁਣਨ ਕਾਰਨ ਅਲਹਿਦਗੀ ਦਾ ਖਤਰਾ ਹੁੰਦਾ ਹੈ ਅਤੇ ਇਸ ਨਾਲ ਸਮਾਜਿਕ ਵੰਡ ਵਿਚ ਵਾਧਾ ਹੁੰਦਾ ਹੈ ।

**4. ਪਛਾਣ ਨਿਰਮਾਣ ਵਿਚ ਸੰਕਟ :** ਵਿਸ਼ਵੀਕ੍ਰਿਤ ਸੰਸਾਰ ਵਿਚ, ਨਵੀਨ ਜਾਣਕਾਰੀਆਂ ਅਤੇ ਨਵੀਨ ਵਿਚਾਰਧਾਰਾ ਦੀ ਚੇਤਨਾ ਅਗਿਆਤ ਚੀਜ਼ਾਂ ਸਬੰਧੀ ਜਾਗਰੂਕਤਾ ਦਾ ਪ੍ਰਸਾਰ ਕਰਦੀ ਹੈ ਜੋ ਕਿ ਪਛਾਣ – ਨਿਰਮਾਣ ਪ੍ਰਕਿਰਿਆ ਵਿਚ ਚਿੰਤਾ ਦੀ ਸਥਿਤੀ ਪੈਦਾ ਕਰ ਸਕਦੀ ਹੈ ।

**5. ਸੱਭਿਆਚਾਰਕ ਪਛਾਣ ਵਿਕਾਸ ਵਿਚ ਕਠਿਨਾਈ :** ਵਿਸ਼ਵੀਕਰਨ ਦੇ ਵਧੇਰੇ ਪ੍ਰਸਾਰ ਕਾਰਨ ਵਿਅਕਤੀ, ਨੂੰ ਉਹਨਾਂ ਦੀ ਸੱਭਿਆਚਾਰਕ ਪਛਾਣ ਦੇ ਵਿਕਾਸ ਲਈ ਕਈ ਖਤਰਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇੱਕ ਬਹੁ–ਸੱਭਿਆਚਾਰਕ ਪਛਾਣ ਬਹੁਸੱਭਿਆਚਾਰਕ ਪਛਾਣ ਸਥਾਪਿਤ ਕਰਨ ਲਈ ਵਿਅਕਤੀ ਨੂੰ ਵਿਭਿੰਨ ਸੱਭਿਆਚਾਰਕ ਰੂਪਰੇਖਾਵਾਂ ਵਿਚੋ ਚੁਣਾਵ ਕਰਨਾ ਪੈਂਦਾ ਹੈ ਅਤੇ ਉਹ ਆਪਣੀ ਵਫਾਦਾਰੀ ਇਕ ਜਾਂ ਦੂਸਰੇ ਸਮੂਹ ਪ੍ਰਤੀ ਨਿਰਧਾਰਿਤ ਕਰਦੇ ਹਨ ਜਾਂ ਉਹ ਇਸ ਵਿਭਿੰਨ ਸਭਿਆਚਾਰਾਂ ਵਿਚੋਂ ਕਿਸੇ ਦਾ ਵੀ ਚੁਣਾਵ ਨਹੀ ਕਰਦੇ। ਇਸ ਤਰ੍ਹਾ ਅੱਜ ਦੇ ਨੋਜਵਾਨਾਂ ਨੂੰ ਬਹੁਤ ਕਠਿਨਤਾ ਦਾ ਸਾਹਮਣਾ ਕਰਨਾ ਪੈਂਦਾ ਹੈ ਜਦੋ ਉਹਨਾਂ ਨੂੰ ਆਪਣੀਆ ਕਦਰਾ – ਕੀਮਤਾਂ , ਵਿਸ਼ਵਾਸ਼ਾਂ ਅਤੇ ਵਿਚਾਰਧਾਰਵਾਂ ਆਦਿ ਨੂੰ ਚੁਣਨਾ ਪੈਂਦਾ ਹੈ ।

**6. ਪਛਾਣ ਉਲਝਣ :** ਗੈਰ–ਪੱਛਮੀ ਪਰੰਪਰਾਵਾਂ ਵਾਲੇ ਕਿਸ਼ੋਰਾਂ ਲਈ ਵਿਸ਼ਵੀਕਰਨ ਉੱਹਨਾਂ ਦੀ ਪਛਾਣ ਦੀ ਉਲਝਣੋ ਬਣਾਉਣ ਲਈ ਅਪਰਾਧੀ ਹੈ, ਕਿਉਂਕਿ ਨੋਜਵਾਨਾਂ ਵਿਚ ਆਪਣੇ ਸਥਾਨਕ ਸੱਭਿਆਚਾਰ ਅਤੇ ਵਿਸ਼ਵੀ ਸੱਭਿਆਚਾਰ ਵਿਚਕਾਰ ਸੰਤੁਲਨ ਬਣਾਉਣ ਦੀ ਜੱਦੋ ਜਹਿਦ ਦੋਰਾਨ ਉਲਝਣ ਪੈਦਾ ਹੁੰਦੀ ਹੈ। ਇਸੇ ਕਰਕੇ ਸਥਾਨਕ ਸੱਭਿਆਚਾਰਾਂ ਦੇ ਕੁੱਝ ਤੱਤ ਆਪਣੀ ਮੌਲਿਕ ਸ਼ੋਭਾ ਗੁਆ ਦਿੰਦੇ ਹਨ।

**7. ਸਥਾਨਕ ਸੱਭਿਆਚਾਰ ਨੂੰ ਕਮਜ਼ੋਰ ਕਰਦਾ ਹੈ :** ਸਥਾਨਕ ਸਮਾਜਾਂ ਵਿਚ ਵਿਦੇਸ਼ੀ ਕਦਰਾਂ–ਕੀਮਤਾਂ ਪ੍ਰਤੀ ਖਿੱਚ ਨੇ ਉਹਨਾਂ ਦੇ ਆਪਣੇ ਸੱਭਿਆਚਾਰਾਂ ਪ੍ਰਤੀ ਅਲਗਾਵ ਪੈਦਾ ਕਰ ਦਿੱਤਾ ਹੈ। ਇਹਨਾ ਨਵੀਆਂ ਕਦਰਾਂ ਕੀਮਤਾਂ ਅਤੇ ਵਿਸ਼ਵਾਸਾਂ ਦੀ ਉਹਨਾਂ ਦੀ ਰਾਸ਼ਟਰੀ ਪਛਾਣ ਲਈ ਕੋਈ ਮੂਲ ਸਾਂਝ ਜਾਂ ਸਬੰਧ ਨਹੀਂ ਹੈ। ਇਸ ਤਰ੍ਹਾਂ ਵਿਸ਼ਵੀਕਰਨ ਵਿਸ਼ਵ੍ਵਿਆਪੀ ਏਕਰੂਪਤਾ ਦੇ ਨਾਮ ਹੇਠ ਅਤੇ ਪ੍ਰਭੂ ਸੱਤਾਧਾਰੀ ਸੱਭਿਆਚਾਰ ਦਾ ਅੰਤਰ ਰਾਸ਼ਟਰੀ ਮੀਡੀਆ ਦੇ ਪ੍ਰਯੋਗ ਦੁਆਰਾ ਦਬਦਬਾ ਬਣਾਉਣ ਲਈ ਸਥਾਨਕ ਸੱਭਿਆਚਾਰਾਂ ਦੀਆਂ ਪਰੰਪਰਾਵਾਂ ਅਤੇ ਕਦਰਾਂ ਕੀਮਤਾਂ ਨੂੰ ਢਹਿ ਢੇਰੀ ਕਰਦਾ ਹੈ ।

**8. ਪਛਾਣ ਨੂੰ ਖਤਰਾ :** ਸਾਰਾ ਸੰਸਾਰ ਤੇ ਸਾਡਾ ਜੀਵਨ ਦੋ ਵਿਰੋਧੀ ਰੁਝਾਨਾਂ ਦੁਆਰਾ ਬਣਾਇਆ ਜਾ ਰਿਹਾ ਹੈ, ਜਿੰਨ੍ਹਾਂ ਨੂੰ ਵਿਸ਼ਵੀਕਰਨ ਅਤੇ ਪਛਾਣਾਂ ਦਾ ਏਕੀਕਰਨ ਕਹਿੰਦੇ ਹਨ। ਸੂਚਨਾ ਕ੍ਰਾਂਤੀ ਅਤੇ ਪੂੰਜੀਵਾਦ ਦੀ ਪੁਨਰ–ਸਿਰਜਣਾ ਨੇ ਅਜਿਹਾਂ ਨਵਾਂ ਸਮਾਜ ਸਥਾਪਿਤ ਕਰ ਦਿੱਤਾ ਹੈ। ਜਿਸਨੂੰ ਤਾਣੇ ਬਾਣੇ ਵਾਲਾ ਸਮਾਜ ਕਿਹਾ ਜਾ ਸਕਦਾ ਹੈ । ਅਜਿਹਾ ਨਵ੍ਨਿਰਮਿਤ ਸਮਾਜ ਪਰੰਪਰਾਗਤ ਸਮਾਜਿਕ ਸੰਸਥਾਵਾਂ ਲਈ ਖਤਰਾ ਪੈਦਾ ਕਰਦਾ ਹੈ ਅਤੇ ਸੱਭਿਆਚਾਰ ਤੇ ਸਮੂਹਿਕ ਪਛਾਣ , ਦੋਵਾਂ ਨੂੰ ਪਰਿਵਰਤਿਤ ਕਰਦਾ ਹੈ । ਇਸ ਤਰ੍ਹਾ ਹੀ ਇਹ ਧਨ ਦੇ ਨਾਲ ਨਾਲ ਗਰੀਬੀ ਵਿਚ ਵੀ ਵਾਧਾ ਕਰਦਾ ਹੈ ਅਤੇ ਇਸ ਪ੍ਰਕਾਰ ਨਵੇਂ ਖਤਰਿਆਂ ਤੇ ਮੋਕਿਆਂ ਨੂੰ ਜਨਮ ਦਿੰਦਾ ਹੈ ।

**4.6 ਸਿੱਟਾ:** ਵਿਗਿਆਨ ਅਤੇ ਤਕਨਾਲੋਜੀ ਦੇ ਵਿਕਾਸ ਨਾਲ ਲੋਕ ਪਹਿਲਾਂ ਨਾਲੋ ਵਧੇਰੇ ਨੇੜੇ ਆਏ ਹਨ। ਵਿਸ਼ਵੀਕਰਨ ਦੁਆਰਾ ਲਿਆਂਦੀ ਗਈ ਏਕੀਕਰਨੋ ਦੀ ਸਮਝ ਵਿਭਿੰਨਤਾਵਾਂ ਲਈ ਸੰਪਰੂਨ ਤੋਰ ਤੇ ਮਤਭੇਦ ਵਾਲੀ ਗੱਲ ਨਹੀ ਹੈ। ਇਸੇ ਸਮੇਂ ਇਸ ਤੱਥ ਨੂੰ ਵੀ ਝੁਠਲਾਇਆ ਨਹੀਂ ਜਾ ਸਕਦਾ ਕਿ ਅਜਿਹਾ ਦਬਦਬਾ ਸੱਭਿਆਚਾਰਾਂ ਵਿਚ ਵਿਕਾਰ ਪੈਦਾ ਕਰਦਾ ਹੈ ਤੇ ਲੋਕਾਂ ਦੀਆਂ ਕਦਰਾਂ ਕੀਮਤਾਂ ਦੀ ਪ੍ਰਣਾਲੀ ਵਿਚ ਉਥਲ ਪੁਥਲ ਕਰਦਾ ਹੈ । ਵਿਕਾਸਸ਼ੀਲ ਸਮਾਜਾਂ ਦੇ ਵਿਦਵਾਨਾਂ ਨੂੰ ਅਜਿਹੀ ਸਮੱਸਿਆ ਦੇ ਯੋਗ ਅਤੇ ਵਿਹਾਰਕ ਹੱਲ ਲਈ ਅੱਗੇ ਆਉਣਾ ਪਵੇਗਾ ਅਤੇ ਕੇਵਲ ਆਪਣੀ ਪਛਾਣ ਨੂੰ ਸੁਰੱਖਿਅਤ ਕਰਨਾ ਜਾਂ ਬਚਾਉਣਾ ਹੀ ਨਹੀਂ ਹੋਵੇਗਾ

ਬਲਕਿ ਵਿਸ਼ਵੀਕਰਨ ਦੀ ਪ੍ਰਕਿਰਿਆ ਵਿਚ ਏਕੀਕਰਨ ਦੇ ਸੰਕਲਪ ਨੂੰ ਅਰਥ ਪ੍ਰਦਾਨ ਕਰਨ ਲਈ ਸਾਧਨ ਪ੍ਰਦਾਨ ਕਰਨੇ ਪੈਣਗੇ ਕਈ ਬੁੱਧੀਜੀਵੀ ਇਹ ਦਲੀਲ ਦਿੰਦੇ ਹਨ ਕਿ ਵਿਭਿੰਨ ਸਮਾਜਾਂ ਨੂੰ ਲਗਾਤਾਰ ਬਦਲਦੇ ਸੰਸਾਰ ਦੀਆਂ ਘਟਾਨਵਾਂ ਵਿਚ ਵਿਚਰਦੇ ਹੋਏ ਹੀ ਆਪਣੇ ਸੱਭਿਆਚਾਰਾਂ ਤੇ ਪਛਾਣਾਂ ਦਾ ਨਿਰੰਤਰ ਨਵੀਨੀਕਰਨ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਹੀ ਉਹ ਆਧੁਨਿਕ ਸੰਸਾਰ ਵਿਚ ਆਪਣੀ ਪਛਾਣ ਅਤੇ ਸਮੱਰਥਾਵਾਂ ਨੂੰ ਸੁਰੱਖਿਅਤ ਕਰ ਸਕਣਗੇ ਅੱਜ ਦੇ ਯੁੱਗ ਵਿਚ ਰਾਸ਼ਟਰ ਆਪਣੀ ਪਛਾਣ ਨੂੰ ਪੁਨਰ ਪਰਿਭਾਸ਼ਿਤ ਕਰਨ ਅਤੇ ਪੁਨਰ ਵਿਚਾਰਨ ਲਈ ਮਜਬੂਰ ਹਨ। ਇਹ ਜ਼ਰੂਰੀ ਬਣ ਗਿਆ ਹੈ ਕਿ ਹੁਣ ਪੁਰਾਣੀਆਂ ਸੰਸਥਾਵਾਂ ਦਾ ਨਵੀਨੀਕਰਨ ਕਰਕੇ ਨਵੀਆਂ ਸੰਸਥਾਵਾਂ ਸਥਾਪਿਤ ਕੀਤੀਆਂ ਜਾਣ ਜੋ ਵਿਸ਼ਵੀਕਰਨ ਦੇ ਯੁੱਗ ਦੇ ਮੇਲ ਦੀਆਂ ਹੋਣ।

**ਸੁਝਾਏ ਪ੍ਰਸ਼ਨ:**

1. ਵਿਸ਼ਵੀਕਰਨ ਤੋਂ ਤੁਹਾਡਾ ਕੀ ਭਾਵ ਹੈ ?
2. ਪਛਾਣ ਦੇ ਨਿਰਮਾਣ ਉਪਰ ਵਿਸ਼ਵੀਕਰਨ ਕਿਵੇਂ ਪ੍ਰਭਾਵ ਪਾਉਂਦਾ ਹੈ ?
3. ਵਿਸ਼ਵੀਕਰਨ ਤੇ ਪਛਾਣ ਨਿਰਮਾਣ ਕਿਵੇਂ ਸਬੰਧਿਤ ਹਨ ?
4. ਵਿਸ਼ਵੀਕਰਨ ਕਾਰਨ ਪੈਦਾ ਹੋਣ ਵਾਲੇ ਪਛਾਣ ਸਬੰਧੀ ਮੁੱਦਿਆਂ ਦਾ ਵਰਨਣ ਕਰੋ ?

**4.8 Suggested Readings**


1. Arnett, J.J. (2000). “Emerging adulthood: A theory of development from the late teens through the twenties”. *American Psychologist*, 57,774-783.
2. Broudy, H.S (1955). *Building a Philosophy of Education*, New Delhi: Prentice Hall of India.
3. Baron, R.A. (2012). *Psychology*. New Delhi: Prentice Hall of India Pvt. Ltd.
4. Bhattacharya, Srinibas (2000). *Sociological Foundations of Education*. New Delhi: Atlantic Publishers and Distributors.
5. Erikson, E.H. (1956). “The problem of ego identity”. *Journal of American Psychoanalytic Association*, 4, 56-121.
6. Brown, Francis J. (1954). *Educational Sociology*, New York: Prentice Hall of India.
7. Ottoway, A.K.C (1962). *Education and Society*, London: Routledge Kegan Paul.
8. Pathak, Avijit (2004). *Social Implications of Schooling: Knowledge, Pedagogy and Consciousness*. Rainbow Publishers : Noida
9. Hurn, C.J (1993). *Limits and Possibilities of Schooling: An Introduction to the Sociology of Education.* Boston: Allyn and Bacon.
10. M Carnoy, D Rhoten (2002). *What Does Globalization Mean for Educational Change? A comparative Approach*, Comparative Education Review.
11. Jack, G., & lorbievki, A. (2007). “National identity, globalization and the discursive construction of organizational identity”. *British Journal of Management,* 18, 79-94.